# ਬਾਈਬਲ ਪੜ੍ਹਨਾ 8– ਪਸ਼ਚਾਤਾਪ (ਤੌਬਾ)

ਪਸ਼ਚਾਤਾਪ ਪਹਿਲਾ ਕਦਮ ਹੈ ਜਿਸ ਨਾਲ ਅਸੀ ਮੁਕਤੀ ਪ੍ਰਾਪਤ ਕਰ ਸਕਦੇ ਹਾਂ ਜੋ ਪਰਮੇਸ਼ੁਰ ਸਾਨੂੰ ਪ੍ਰਭੂ ਯਿਸੂ ਮਸੀਹ ਵਿਚ ਦਿੰਦਾ ਹੈ। "ਪਸ਼ਚਾਤਾਪ ਕਰਨ" ਦਾ ਮਤਲਬ ਹੈ ਆਪਣੀ ਜਿੰਦਗੀ ਦੇ ਪਹਿਲੇ ਰਸਤੇ ਤੋਂ ਵਾਪਸ ਮੁੜਨਾ ਅਤੇ ਪੂਰੀ ਤਰ੍ਹਾਂ ਨਹੀਂ ਦਿਸ਼ਾ ਵਿਚ ਜਾਣਾ– ਨਵੇਂ ਸਿਰੇ ਨਾਲ ਚੰਗਾ ਅਤੇ ਜਿੰਮੇਵਾਰੀ ਨਾਲ ਵਰਤਾਵ ਕਰਨਾ। ਇਹ ਨਿਸ਼ਚਾ ਕਰਨਾ ਕਿ ਆਪਣੇ ਅਸਫਲ ਅਤੇ ਪਾਪਾਂ ਨਾਲ ਭਰੇ ਹੋਏ ਪੁਰਾਣੇ ਸਮੇਂ ਨੂੰ ਪਿਛੇ ਛੱਡਣਾ ਨਾ ਕਿ ਉਸਨੂੰ ਲਗਾਤਾਰ ਜਾਰੀ ਰੱਖਣ ਦਾ ਨਿਸ਼ਚਾ ਕਰਨਾ ਜਿਸ ਤਰ੍ਹਾਂ ਤੁਸੀ ਯਿਸੂ (ਪਰਮੇਸ਼ੁਰ) ਦੀ ਸੰਗਤੀ ਵਿੱਚ ਝੁੱਕੇ ਹੋਏ ਹੋ।

"ਉਪਰੰਤ ਇਸਰਾਏਲ ਦਾ ਘਰਾਣਾ ਪੱਕ ਜਾਣੇ ਭਈ ਇਸੇ ਯਿਸੂ ਨੂੰ ਜਿਹ ਨੂੰ ਤੁਸਾਂ ਸਲੀਬ ਉੱਤੇ ਚਾੜ੍ਹਿਆ ਪਰਮੇਸ਼ੁਰ ਨੇ ਉਸ ਨੂੰ ਪ੍ਰਭੂ ਭੀ ਅਤੇ ਮਸੀਹ ਭੀ ਕੀਤਾ॥"

ਜਾਂ ਉਨ੍ਹਾਂ ਨੇ ਇਹ ਸੁਣਿਆ ਤਾਂ ਉਨ੍ਹਾਂ ਦੇ ਦਿਲ ਛਿਦ ਗਏ ਅਤੇ ਪਤਰਸ ਅਰ ਬਾਕੀ ਦੇ ਰਸੂਲਾਂ ਨੂੰ ਕਿਹਾ ਕਿ ਹੇ ਭਾਈਓ ਅਸੀਂ ਕੀ ਕਰੀਏ? ਤੱਦ ਪਤਰਸ ਨੇ ਉਨ੍ਹਾਂ ਨੂੰ ਆਖਿਆ ਤੋਬਾ ਕਰੋਂ ਅਤੇ ਤੁਹਾਡੇ ਵਿੱਚੋਂ ਹਰੇਕ ਆਪੋਂ ਆਪਣੇ ਪਾਪਾਂ ਦੀ ਮਾਫੀਂ ਦੇ ਲਈ ਯਿਸੂ ਦੇ ਨਾਮ ਉੱਤੇ ਬਪਤਿਸਮਾ ਲਵੇਂ ਤਾ ਪਵਿੱਤਰ ਆਤਮਾ ਦਾ ਦਾਨ ਪਾਓਗੇ॥"

(ਰਸੂਲਾਂ ਦੇ ਕਰਤੱਬ 2:36–38)

ਇਹ ਵੀ ਦੇਖੋ ਰਸੂਲਾਂ 17:30

## ੳ. ਪਸ਼ਚਾਤਾਪ ਕੀ ਨਹੀ ਹੈ।

### 1. ਸਿਰਫ ਦੋਸ਼ੀ ਮਹਿਸੂਸ ਨਹੀਂ ਕਰਨਾ

ਪਸ਼ਚਾਤਾਪ ਆਉਣ ਤੋਂ ਪਹਿਲਾ ਆਪਣੇ ਪਾਪਾਂ ਨੂੰ ਮਹਿਸੂਸ ਕਰਨਾ, ਪਰ ਇਹ ਪਸ਼ਚਾਤਾਪ ਨਹੀਂ ਹੈ, ਤੱਦ ਤੱਕ ਕੋਈ ਪਸ਼ਚਾਤਾਪ ਨਹੀ ਕਰ ਸਕਦਾ ਜੱਦ ਤੱਕ ਪਹਿਲਾਂ ਆਪਣੇ ਪਾਪਾਂ ਦੇ ਬਾਰੇ ਆਪਣੇ ਆਪ ਨੂੰ ਦੋਸ਼ੀ ਮਹਸ੍ਰਿਸ ਨਹੀ ਕਰ ਲੈਂਦਾ, ਪਰ ਸਾਰੇ ਨਹੀ ਜੋ ਦੋਸ਼ੀ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੇ ਅਸਲ ਵਿਚ ਪਸ਼ਚਾਤਾਪ ਕੀਤਾ ਹੈ।

"ਜਾਂ ਉਹ ਧਰਮ ਅਤੇ ਸੰਯਮ ਅਤੇ ਹੋਣ ਵਾਲੀ ਅਦਾਲਤ ਦੇ ਵਿਖੇ ਸੁਣਾ ਰਿਹਾ ਸੀ ਤਾਂ ਫੇਲਿਕਸ ਨੇ ਭੈ ਖਾਧਾ ਅਤੇ ਉੱਤਰ ਦਿੱਤਾ ਭਈ ਐਤਕੀ ਤੂੰ ਜਾਹ, ਫੇਰ ਵਿਹਲ ਪਾ ਕੇ ਤੈਨੂੰ ਬੁਲਾਵਾਂਗਾ।"

(ਰਸੂਲਾਂ ਦੇ ਕਰਤੱਬ 24:25) ਫੇਲਿਕਸ ਨੇ ਦੋਸ਼ੀ ਮਹਿਸੂਸ ਕੀਤਾ ਪਰ ਪਸ਼ਚਾਤਾਪ ਨਹੀ ਕੀਤਾ।

### 2. ਸਿਰਫ ਆਪਣੇ ਪਾਪਾਂ ਦੇ ਲਈ ਮਾਫੀ ਨਹੀ ਮੰਗਣਾ।

ਕਈ ਲੋਕ ਗਲਤੀ ਮੰਨਦੇ ਹਨ ਕਿਉਂਕਿ ਉਹ ਆਪਣੇ ਪਾਪਾਂ ਦੇ ਫਲ ਦੇ ਕਾਰਨ ਫੜੇ ਗਏ ਹਨ। ਬਹੁਤ ਸਾਰੇ ਲੋਕ ਗਲਤੀ ਮੰਨਦੇ ਹਨ, ਉਹਦੇ ਲਈ ਨਹੀ ਜੋ ਉਹਨਾਂ ਨੇ ਗਲਤ ਕੀਤਾ ਹੈ, ਪਰ ਉਸ ਜ਼ੁਰਮਾਨੇ (ਸਜ਼ਾ) ਦੇ ਲਈ ਜੋ ਉਹਨਾਂ ਨੇ ਫੜ੍ਹੇ ਜਾਣ ਵਿਚ ਪ੍ਰਾਪਤ ਕੀਤੀ ਹੈ।

GOOD SHEPHERD MINISTRY INTERNATIONAL

"ਕਿਉਂ ਜੋ ਪਰਮੇਸ਼ੁਰ ਜੋਗ ਉਦਾਸੀ ਮੁਕਤੀ ਲਈ ਅਜਿਹੀ ਤੋਬਾ ਪੈਦਾ ਕਰਦੀ ਹੈ ਜਿਸ ਤੋਂ ਕੋਈ ਨਹੀ ਪਛਤਾਉਂਦਾ ਪਰ ਸੰਸਾਰ ਦੀ ਉਦਾਸੀ ਮੌਤ ਨੂੰ ਪੈਦਾ ਕਰਦੀ ਹੈ।" (2 ਕੁਰਿੰਥੀਆ 7:10)

ਸੱਚਾ ਪਸ਼ਚਾਤਾਪ (ਤੋਬਾ) ਬੁਲਾਉਂਦਾ ਹੈ ਜੋ ਤੁਸੀਂ ਗਲਤ ਕੀਤਾ ਹੈ ਉਸਦੀ ਮੁਆਫੀ ਦੇ ਲਈ।

3. **ਸਿਰਫ ਚੰਗਾ ਆਦਮੀ ਬਣਨ ਦੀ ਕੋਸ਼ਿਸ਼ ਕਰਨਾ ਨਹੀ।**

ਬਹੁਤ ਸਾਰੇ ਲੋਕ ਆਪਣੇ ਬਲ ਦੇ ਨਾਲ ਚੰਗਾ ਆਦਮੀ ਬਣਨ ਅਤੇ ਆਪਣੀ ਜਿੰਦਗੀ ਦੇ ਰਸਤੇ ਨੂੰ ਬਦਲਣ ਦੀ ਕੋਸ਼ਿਸ਼ ਕਰਦੇ ਹਨ। ਕੋਈ ਵੀ ਆਪਣੀ ਕੋਸ਼ਿਸ਼ ਆਪਣੀ ਧਾਰਮਿਕਤਾ ਦੀ ਜੜ੍ਹ ਹੈ ਜੋ ਪਾਪਾਂ ਤੋਂ ਪਸ਼ਚਾਤਾਪ ਕਰਨ ਦੀ ਜਰੂਰਤ ਨੂੰ ਨਹੀਂ ਮੰਨਦੀ।

"ਅਸੀ ਸਭੇ ਭਰਿਸ਼ਟੀ ਵਾਂਙੂ ਹੋ ਗਏ, ਅਤੇ ਸਾਡੇ ਸਭ ਧਰਮ ਪਲੀਤ ਕੱਪੜੇ ਵਰਗੇ ਹਨ। ਅਸੀ ਪੱਤੇ ਵਾਂਙੂ ਕੁਮਲਾ ਜਾਂਦੇ ਹਾਂ, ਅਤੇ ਸਾਡੀਆਂ ਬਦੀਆਂ ਹਵਾ ਵਾਂਙੂ ਸਾਨੂੰ ਚੁੱਕ ਲੈ ਜਾਂਦੀਆ ਹਨ।" (ਯਸ਼ਾਯਾਹ 64:6)

4. **ਧਾਰਮਿਕ ਬਣਨਾ ਨਹੀਂ**

ਫਰੀਸੀ ਬਾਈਬਲ ਵਿਚ ਪੂਰੀ ਤਰ੍ਹਾਂ ਆਪਣੇ ਵਰਤਾਵ ਅਤੇ ਰਿਵਾਜ਼ ਵਿਚ ਧਾਰਮਿਕ ਸੀ। ਉਹਨਾਂ ਨੇ ਰੋਜੇ ਰੱਖੇ, ਦੁਆਵਾਂ ਕੀਤੀਆਂ ਅਤੇ ਬਹੁਤ ਸਾਰੀਆਂ ਬੰਦਗੀਆਂ ਕੀਤੀਆਂ, ਪਰ ਕਦੀ ਤੋਬਾ ਨਹੀ ਕੀਤੀ।

ਦੇਖੋ ਮੱਤੀ 3:7-10

5. **ਸਿਰਫ ਸਚਿਆਈ ਨੂੰ ਜਾਣਨਾ ਨਹੀਂ**

GOOD SHEPHERD MINISTRY INTERNATIONAL

ਸਚਿਆਈ ਦੀ ਦਿਮਾਗੀ ਜਾਣਕਾਰੀ ਹੋਣਾ ਜਰੂਰੀ ਜਿੰਮੇਵਾਰੀ ਨਹੀ ਹੈ, ਸਚਿਆਈ ਹਰੇਕ ਦੇ ਜੀਵਨ ਵਿਚ ਅਸਲ ਵਿਚ ਪ੍ਰਗਟ ਹੋ ਚੁੱਕੀ ਹੈ। ਦਿਮਾਗ ਤੋਂ ਵਿਸ਼ਵਾਸ ਕਰਨਾ ਅਤੇ ਦਿਲ ਤੋਂ ਵਿਸ਼ਵਾਸ ਕਰਨਾ ਅਲਗ ਹਨ।

(ਦੇਖੋ- ਰੋਮੀਆਂ 10:10)

"ਤੂੰ ਨਿਹਚਾ ਰੱਖਦਾ ਹੈ ਜੋ ਪਰਮੇਸ਼ੁਰ ਇਕੋਂ ਹੈ। ਇਹ ਤੂੰ ਅੱਛਾ ਕਰਦਾ ਹੈ। ਭੂਤ ਇਹੋਂ ਨਿਹਚਾ ਕਰਦੇ ਹਨ ਅਤੇ ਕੰਬਦੇ ਹਨ।"

"ਪਰ ਹੇ ਨਿਕੰਮਿਆ ਮਨੁੱਖਾ ਕੀ ਤੂੰ ਇਹ ਜਾਣਿਆ ਚਾਹੁੰਦਾ ਹੈ ਭਈ ਅਮਲਾਂ ਬਾਝੋਂ ਨਿਹਚਾ ਅਕਾਰਥ ਹੈ ? " (ਯਾਕੂਬ 2:19,20)

**ਅ. ਸੱਚਾ ਪਸ਼ਚਾਤਾਪ (ਤੋਬਾ) ਕੀ ਹੈ।**

**1. ਪਰਮੇਸ਼ੁਰ ਤੋਂ ਆਪਣੇ ਪਾਪਾਂ ਦੀ ਮਾਫੀ**

ਸੱਚੀ ਤੋਬਾ ਕਿਸੇ ਇਕ ਦੇ ਪ੍ਰਤੀ ਮਾਫੀ ਨਹੀ ਬਲਕਿ ਸਾਰਿਆ ਦੇ ਪ੍ਰਤੀ ਹੈ, ਪਰ ਪਹਿਲੀ ਅਤੇ ਮਹੱਤਵਪੂਰਨ, ਇਹ ਪਰਮੇਸ਼ੁਰ ਦੇ ਪ੍ਰਤੀ ਸੱਚੀ ਮਾਫੀ ਹੈ।

(ਜਬੂਰ 51:1-4) ਇਹ ਵੀ ਦੇਖੋ (ਜਬੂਰ 38:8 )

**2. ਆਪਣੇ ਪਾਪਾਂ ਦੇ ਬਾਰੇ ਸੱਚੇ ਹੋਣਾ**

ਸਾਨੂੰ ਆਪਣੇ ਪਾਪਾਂ ਨੂੰ ਦੇਖਣ ਦੀ ਜ਼ਰੂਰਤ ਹੈ ਪਾਪ ਕੀ ਹੈ ਅਤੇ ਪ੍ਰਭੂ ਦੇ ਅੱਗੇ ਕਬੂਲ ਕਰਨ ਤੋਂ ਪਹਿਲਾ।

"ਮੈਂ ਤੇਰੇ ਅੱਗੇ ਆਪਣੇ ਪਾਪ ਦਾ ਇਕਰਾਰ ਕੀਤਾ, ਅਤੇ ਆਪਣੀ ਬਦੀ ਲੁਕਾਈ। ਮੈਂ ਆਖਿਆ ਕਿ ਮੈਂ ਆਪਣੇ ਅਪਰਾਧਾਂ ਨੂੰ ਯਹੋਵਾਹ ਦੇ ਅੱਗੇ ਮੰਨ ਲਵਾਂਗਾ, ਤਾਂ ਤੈਂ ਆਪ ਮੇਰੇ ਪਾਪ ਦੀ ਬਦੀ ਨੂੰ ਚੁੱਕ ਲਿਆ।।"

GOOD SHEPHERD MINISTRY INTERNATIONAL

ਸਲਹ॥ (ਜਬੂਰ 32:15)

ਇਹ ਵੀ ਦੇਖੋ– 1 ਯਹੂੰਨਾ 1:19

**3. ਆਪਣੇ ਪਾਪਾਂ ਤੋਂ ਦੂਰ ਮੁੜਨਾ**

ਇਹ ਸਿਰਫ ਨਹੀ ਹੈ ਕਿ ਆਪਣੇ ਪਾਪਾਂ ਨੂੰ ਕਬੂਲ ਕਰਨਾ ਪਰ ਇਹ ਨਿਸ਼ਚਾ ਕਰਨਾ ਕਿ ਇਹਨਾਂ ਨੂੰ ਦੋਬਾਰਾ ਨਾ ਕਰੀਏ।

"ਜਿਹੜਾ ਆਪਣੇ ਅਪਰਾਧਾਂ ਨੂੰ ਲੁਕੋਂ ਲੈਂਦਾ ਹੈ, ਉਹ ਸਫ਼ਲ ਨਹੀ ਹੁੰਦਾ ਪਰ ਜੋਂ ਉਹਨਾਂ ਨੂੰ ਮੰਨ ਕੇ ਛੱਡ ਦਿੰਦਾ ਹੈ ਉਹ ਦੇ ਉੱਤੇ ਰਹਿਮ ਕੀ ਜਾਵੇਗਾ।" (ਕਹਾਉਂਤਾ 28:13)

**4. ਪਾਪਾਂ ਤੋਂ ਨਫਰਤ**

"ਤੈਂ ਧਰਮ ਨਾਲ ਪ੍ਰੇਮ ਅਤੇ ਕੁਧਰਮ ਨਾਲ ਵੈਰ ਰੱਖਿਆ, ਇਸ ਪਰਮੇਸ਼ੁਰ, ਤੇਰੇ ਪਰਮੇਸ਼ੁਰ ਨੇ ਖੁਸ਼ੀ ਦੇ ਤੇਲ ਨਾਲ ਤੇਰੇ ਸਾਥੀਆਂ ਵੱਧ ਤੈਨੂੰ ਮਸਹ ਕੀਤਾ ਹੈ।" (ਇਬਰਾਨੀਆਂ 1:9) ਇਹ ਵੀ ਦੇਖੋ – (ਹਿਜ਼ਕੀਏਲ 20:43,44)

5. ਜਦੋਂ ਸੰਭਵ ਹੋਵੇ, ਦੂਜਿਆਂ ਨੂੰ ਮੋੜਨਾ, ਜੋ ਤੁਸੀਂ ਉਧਾਰ ਲਿਆ ਜਦੋਂ ਸੰਭਵ ਹੋਵੇ, ਦੂਜਿਆਂ ਤੋਂ ਮਾਫੀ ਪੁੱਛੇ ਜਾਣ ਤੇ, ਤੁਹਾਨੂੰ ਆਪਣੀ ਗਲਤੀ ਜਾਂ ਕੀਤੇ ਹੋਏ ਪਾਪਾਂ ਲਈ ਹਰਜਾਨਾ ਦੇਣ ਦੀ ਜਰੂਰਤ ਸੱਚਾ ਪਸ਼ਚਾਤਾਪ (ਤੋਬਾ) ਦਿਖਾਈਏ।

"ਪਰ ਜ਼ੱਕੀ ਨੇ ਖੜੋਂ ਕੇ ਪ੍ਰਭੂ ਨੂੰ ਕਿਹਾ, ਪ੍ਰਭੂ ਜੀ ਵੇਖ ਆਪਣਾ ਅੱਧਾ ਮਾਲ ਕੰਗਾਲਾਂ ਨੂੰ ਦਿੰਦਾ ਹਾਂ ਅਰ ਜੇ ਮੈਂ ਕਿ ਉਜ ਲਾ ਕੇ ਕੁੱਝ ਲੈ ਲਿਆ ਹੈ ਤਾਂ ਚੌਗਣਾ ਮੋੜ ਦਿੰਦਾ ਹਾਂ।" (ਲੂਕਾ 19:8)

GOOD SHEPHERD MINISTRY INTERNATIONAL

ਇਹ ਵੀ ਦੇਖੋ ਕੂਚ 6:1–7

**ੲ. ਪਸ਼ਚਾਤਾਪ ਵਿਚ ਕੀ ਸ਼ਾਮਲ ਹੈ।**

**1. ਆਪਣੇ ਪਾਪਾਂ ਤੋਂ ਮੁੜਨਾ**

"ਤੁਸੀਂ ਆਪਣੇ ਪਿਉਂ ਦਾਦਿਆਂ ਵਰਗੇ ਨਾ ਹੋਵੋਂ ਜਿਨ੍ਹਾਂ ਨੂੰ ਪਹਿਲੇ ਨਬੀਆਂ ਨੇ ਉੱਚੀ ਦੇ ਕੇ ਆਖਿਆ ਕਿ ਸੈਨਾਂ ਦਾ ਯਹੋਵਾਹ ਇਉ ਆਖਦਾ ਹੈ, ਤੁਸੀਂ ਆਪਣਿਆਂ ਬੁਰਿਆਂ ਰਾਹਾਂ ਤੋਂ ਅਤੇ ਬੁਰਿਆਂ ਕੰਮਾਂ ਤੋਂ ਮੁੜੋਂ। ਪਰ ਉਨ੍ਹਾਂ ਨਾ ਸੁਣਿਆ ਅਤੇ ਨਾ ਮੇਰੀ ਵੱਲ ਗੌਹ ਕੀਤਾ, ਯਹੋਵਾਹ ਦਾ ਵਾਕ ਹੈ।"

(ਜ਼ਕਰਯਾਹ 1:4)

ਪੜ੍ਹੋ– ਗਲਾਤੀਆਂ 5:19-21 ਅਤੇ ਅਫ਼ਸੀਆਂ 5:5

ਜਿਹੜੇ ਪਾਪ ਦੀ ਗੱਲ ਕਰਦੇ ਹਨ ਤੁਹਾਨੂੰ ਪਰਮੇਸ਼ੁਰ ਦੇ ਰਾਜ ਦੇ ਅਧਿਕਾਰੀ ਬਣਨ ਤੋਂ ਰੋਕਦੇ ਹਨ। ਇੱਥੇ ਚੇਤਾਵਨੀ ਹੈ ਕਿ ਇਹਨਾਂ ਬੁਰਾਈਆਂ ਤੋਂ ਮੁੜੋਂ।

**2. ਸੰਸਾਰ ਤੋਂ ਮੁੜਨਾ**

"ਸੰਸਾਰ ਨਾਲ ਮੋਹ ਨਾ ਰਖੋ, ਨਾ ਉਹਨਾਂ ਵਸਤਾ ਨਾਲ ਜੋ ਸੰਸਾਰ ਵਿੱਚ ਹਨ। ਜੇ ਕੋਈ ਸੰਸਾਰ ਨਾਲ ਮੋਹ ਰੱਖਦਾ ਹੋਵੇ ਤਾਂ ਉਹਦੇ ਵਿੱਚ ਪਿਤਾ ਦਾ ਪ੍ਰੇਮ ਨਹੀਂ ਹੈ।" (1 ਯੂਹੰਨਾ 2:15) ਇਹ ਵੀ ਦੇਖੋ–ਯਾਕੂਬ 4:4 ਯਾਕੂਬ ਕਹਿੰਦਾ ਹੈ ਕਿ ਸੰਸਾਰ ਦੇ ਨਾਲ ਮਿੱਤ੍ਰਚਾਰਾ ਪਰਮੇਸ਼ੁਰ ਨਾਲ ਵੈਰ ਹੈ।

**3. ਆਪਣੇ ਆਪ ਤੋਂ ਮੁੜਨਾ**

GOOD SHEPHERD MINISTRY INTERNATIONAL

"ਅਤੇ ਉਹ ਸਭਨਾਂ ਲਈ ਮੋਇਆ ਭਈ ਜਿਹੜੇ ਜਿਉਂਦੇ ਹਨ ਉਹ ਅਗਾਹਾਂ ਨੂੰ ਆਪਣੇ ਲਈ ਨਹੀ ਸਗੋਂ ਉਹਦੇ ਲਈ ਜਿਉਂਣ ਜਿਹੜਾ ਉਹਨਾਂ ਦੇ ਲਈ ਮੋਇਆ ਅਤੇ ਫੇਰ ਜੀ ਉੱਠਿਆ॥"

(2 ਕੁਰਿੰਥੀਆਂ 5:15)

ਇਹ ਵੀ ਦੇਖੋ ਲੂਕਾ 14:26 ਹਾਂ , ਇਸਨੂੰ ਕਰੀਏ ਆਪਣੇ ਆਪ ਦਾ ਇੰਨਕਾਰ ਕਰਨ ਦੇ ਨਾਲ।

4. **ਸ਼ਤਾਨ ਤੋਂ ਮੁੜਨਾ**

"ਤਾਂ ਜੋ ਤੂੰ ਉਹਨਾਂ ਦੀਆਂ ਅੱਖਾਂ ਨੂੰ ਖੋਲ੍ਹ ਦੇਵੇਂ ਭਈ ਉਹ ਅਨੇਰੇ ਤੋਂ ਚਾਨਣ ਵੱਲ ਅਤੇ ਸ਼ਤਾਨ ਦੇ ਵੱਸ ਤੋਂ ਪਰਮੇਸ਼ੁਰ ਦੀ ਵੱਲ ਮੁੜਨ ਕੀ ਉਹ ਪਾਪਾਂ ਦੀ ਮਾਫ਼ੀ ਅਤੇ ਉਹਨਾਂ ਵਿਚ ਜੋ ਮੇਰੇ ਉੱਤੇ ਨਿਹਚਾ ਕਰ ਕੇ ਪਵਿੱਤ੍ਰ ਹੋਏ ਹਨ ਵਿਰਸਾ ਪਾਉਣ।" (ਰਸੂਲਾਂ ਦੇ ਕਰਤੱਬ- 26:18)

ਦੇਖੋ- ਕੁਲੁੱਸੀਆਂ 1:13

5. **ਪਰਮੇਸ਼ੁਰ ਵੱਲ ਮੁੜਨਾ**

"ਤੂੰ ਉਨ੍ਹਾਂ ਨੂੰ ਆਖ ਕਿ ਸੈਨਾਂ ਦਾ ਯਹੋਵਾਹ ਇਉਂ ਫਰਮਾਉਂਦਾ ਹੈ, ਤੁਸੀਂ ਮੇਰੀ ਵਲ੍ਹ ਮੁੜੋ, ਸੈਨਾਂ ਦੇ ਯਹੋਵਾਹ ਦਾ ਵਾਕ ਹੈ, ਤਾਂ ਮੈਂ ਤੁਹਾਡੀ ਵੱਲ ਮੁੜਾਂਗਾ, ਸੈਨਾਂ ਦਾ ਯਹੋਵਾਹ ਆਖਦਾ ਹੈ।" (ਜ਼ਕਰਯਾਹ 1:3)

6. **ਸਹੀ ਜੀਉਣ ਵੱਲ ਮੁੜਨਾ**

GOOD SHEPHERD MINISTRY INTERNATIONAL

"ਅਤੇ ਆਪਣੇ ਅੰਗ ਕੁਧਰਮ ਦੇ ਹਥਿਆਰ ਬਣਾ ਕੇ ਪਾਪ ਨੂੰ ਨਾ ਸੌਂਪੋਂ ਸਗੋਂ ਆਪਣੇ ਆਪ ਨੂੰ ਮੁਰਦਿਆਂ ਵਿੱਚੋਂ ਜੀ ਉੱਠੇ ਹੋਏ ਜਾਣ ਕੇ ਪਰਮੇਸ਼ੁਰ ਨੂੰ ਸੌਂਪ ਦਿਉ।" (ਰੋਮੀਆਂ ਨੂੰ 6:13)

ਤੁਸੀ ਕੁਝ ਗੀਤ ਦੀ ਲਾਇਨਾਂ ਤੇ ਚਾਨਣਾ ਪਾ ਸਕਦੇ ਹੋ। "ਯਿਸੂ ਕੇ ਪਿੱਛੇ ਮੈਂ ਚਲਨੇ ਲਗਾ।" ਜਿਸ ਤਰ੍ਹਾਂ ਅਸੀਂ ਆਪਣੀ ਸਿੱਖਿਆ ਦੇ ਸਿੱਟੇ ਤੇ ਪਹੁੰਚਦੇ ਹਾਂ:-

ਯਿਸੂ ਕੇ ਪਿੱਛੇ ਮੈਂ ਚਲਨੇ ਲਗਾ,<br>
ਨਾ ਲੋਟੂੰਗਾ, ਨਾ ਲੋਟੂੰਗਾ,<br>
ਦੁਨੀਆ ਕੋ ਛੋੜ ਕੇ ਸਲੀਬ ਤੋ ਲੈ ਕੇ,<br>
ਗਰ ਕੋਈ ਮੇਰੇ ਸਾਥ ਨਾ ਆਵੇ, ਮੈਂ ਯਿਸੂ<br>
ਕੇ ਪਿੱਛੇ ਚਲੂਗਾਂ, ਨਾ ਲੋਟੂੰਗਾ, ਨਾ ਲੋਟੂੰਗਾ।

GOOD SHEPHERD MINISTRY INTERNATIONAL

**ਦਿੱਤਾ ਗਿਆ ਕੰਮ:**

1. ਕਿ ਤੁਹਾਡੀ ਜਿੰਦਗੀ ਵਿੱਚ ਕੋਈ ਪਾਪ ਹੈ ਜਿਸ ਤੋਂ ਤੁਸੀ ਅਸਲ ਵਿੱਚ ਪਸ਼ਚਾਤਾਪ (ਤੋਬਾ) ਨਹੀਂ ਕੀਤਾ? ਤੁਸੀਂ ਪਵਿੱਤਰ ਆਤਮਾ ਨੂੰ ਆਪਣੇ ਮਨ ਦੇ ਵਿੱਚ ਆਉਣ ਦੀ ਇਜ਼ਾਜਤ ਦਿਓ। ਕਿਸੇ ਵੀ ਪਾਪ ਦੇ ਚਲੇ ਜਾਣ ਤੇ ਘਬਰਾਓ ਨਾ, ਇਹਨਾਂ ਤੋਂ ਮੁੜੋ ਅਤੇ ਨਵੀਂ ਦਿਸ਼ਾ ਵਿਚ ਜਾਣ ਦਾ ਨਿਸ਼ਚਾ (ਫੈਂਸਲਾ) ਕਰੋਂ। ਪ੍ਰਭੂ ਨੂੰ ਮਾਫੀ, ਸਫਾਈ ਅਤੇ ਆਪਣੀ ਜਿੰਦਗੀ ਦੀ ਅਗਵਾਈ ਕਰਨ ਲਈ ਪੁੱਛੋਂ

2. ਰੋਮੀਆਂ ਨੂੰ 6:13 ਦੋਬਾਰਾ ਪੜ੍ਹੋਂ ਅਤੇ ਰੋਮੀਆਂ ਨੂੰ 12:1-2 ਨਾਲ ਮਿਲਾਓ। ਅਸੀਂ ਸਾਰੇ ਮੈਂਬਰ ਪ੍ਰਾਰਥਨਾਪੂਰਵਕ ਵਾਧਾ ਕਰੀਏ, ਆਪਣੇ ਸਰੀਰ ਦਾ ਆਤਮ ਸਮਰਪਣ ਅਤੇ ਪਵਿੱਤਰ ਕਰੀਏ ਅਤੇ ਉਸਦੀ ਤਾਰੀਫ ਕਰੀਏ।

**ਯਾਦ ਰੱਖਣ ਯੋਗ ਆਇਤਾਂ:**

1. 2 ਕੁਰਿੰਥੀਆਂ 7:10
2. ਯਸਾਯਾਹ 64:6
3. ਕਹਾਉਂਤਾਂ 28:13
4. ਯਾਕੂਬ 4:4

# ਬਾਈਬਲ ਪੜ੍ਹਨਾ 9: ਵਿਸ਼ਵਾਸ

ਵਿਸ਼ਵਾਸ ਸਦਾ ਲਈ ਯਿਸੂ ਦੇ ਚੇਲੇ ਹੋਣ ਦਾ ਨਿਸ਼ਾਨ ਹੈ। ਪੁਰਾਣੇ ਚੇਲੇ ਵਿਸ਼ਵਾਸੀ ਕਹਾਉਂਦੇ ਸੀ। ਯਿਸੂ ਨੇ ਉਹ ਨੂੰ ਆਖਿਆ, "ਜੇ ਤੁਸੀ ਕਰ ਸਕਦੇ ਹੋ, ਪਰਤੀਤ ਕਰਨ ਵਾਲੇ ਦੇ ਲਈ ਸਭ ਕੁਝ ਹੋ ਸਕਦਾ ਹੈ।" (ਮਰਕੁਸ 9:23)

ਵਿਸ਼ਵਾਸ ਦਾ ਮਤਲਬ ਹੈ- ਪੂਰੀ ਤਰ੍ਹਾਂ ਪਰਮੇਸ਼ੁਰ ਤੇ ਨਿਰਭਰ ਹੋਣਾ। ਜਦੋਂ ਆਦਮ ਨੇ ਪਾਪ ਕੀਤਾ, ਉਹ ਪਰਮੇਸ਼ੁਰ ਦੀ ਆਗਿਆ ਵਿਚੋਂ ਬਾਹਰ ਆ ਗਿਆ ਤੇ ਅਣ-ਆਗਿਆ ਵਿਚ ਚਲਾ ਗਿਆ (ਜੋ ਅੰਧ ਵਿਸ਼ਵਾਸ ਹੈ) ਇਸ ਦਾ ਕਾਰਨ ਹੈ ਪਰਮੇਸ਼ੁਰ ਨੇ ਫੈਂਸਲਾ ਲਿਆ ਕਿ ਇਹ ਹੀ ਵਿਸ਼ਵਾਸ ਦੀ ਮਹੱਤਾ ਹੈ। ਵਿਸ਼ਵਾਸ ਹੀ ਇਹ ਰਸਤਾ ਹੈ ਜਿਸ ਨਾਲ ਅਸੀ ਪਰਮੇਸ਼ੁਰ ਦੇ ਸਬੰਧ ਵਿੱਚ ਵਾਪਸ ਆਉਂਦੇ ਹਾਂ। (ਪਰਮੇਸ਼ੁਰ ਤੇ ਨਿਰਭਰਤਾ)

ਇਹ ਨਿਰਭਰਤਾ ਪਰਮੇਸ਼ੁਰ ਉੱਤੇ ਵਿਸ਼ਵਾਸ ਕਹਾਉਂਦੀ ਹੈ। ਵਿਸ਼ਵਾਸ ਤੁਹਾਨੂੰ ਅੱਗੇ ਵਧਾਉਂਦਾ ਹੈ ਤੁਹਾਡੀਆਂ ਪੰਜ ਗਿਆਨ ਇੰਦਰੀਆਂ ਤੋਂ ਬਾਹਰੇ ਜੋ ਹਨ- ਦੇਖਣ, ਸੁਣਨ, ਸੁਆਦ, ਸੁੰਘਣ ਅਤੇ ਛੂਹਣ। ਵਿਸ਼ਵਾਸ ਤੁਹਾਨੂੰ ਤੁਹਾਡੀਆਂ ਸੀਮਿਤ ਹੱਦਾਂ ਵਿੱਚੋਂ ਕੱਢਦਾ। ਵਿਸ਼ਵਾਸ ਦੇ ਦੁਆਰਾ ਤੁਸੀਂ ਆਪਣੀ ਯੋਗਤਾ ਤੋਂ ਉਸਦੀ ਯੋਗਤਾ ਵਿੱਚ ਜਾਂਦੇ ਹੋ।

"ਉਸ ਨੇ ਉਹਨਾਂ ਨੂੰ ਕਿਹਾ, ਆਪਣੀ ਘੱਟ ਨਿਹਚਾ ਦੇ ਕਾਰਨ ਕਿਉਂ ਜੋ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਜੇ ਤੁਹਾਡੇ ਵਿਚ ਇਕ ਰਾਈ ਦੇ ਦਾਣੇ ਸਮਾਨ ਨਿਹਚਾ ਹੋਵੇ ਤਾਂ ਤੁਸੀ ਇਸ ਪਹਾੜ ਨੂੰ ਕਹੋਗੇ ਜੋ ਐਧਰੋਂ ਹਟ ਕੇ ਉਸ ਥਾਂ ਚਲਿਆ ਜਾ ਅਤੇ

GOOD SHEPHERD MINISTRY INTERNATIONAL

ਉਹ ਚਲਿਆ ਜਾਵੇਗਾ ਅਤੇ ਤੁਹਾਨੂੰ ਕੋਈ ਕੰਮ ਅਣਹੋਣਾ ਨਾ ਹੋਵੇਗਾ।" (ਮੱਤੀ 17:20)

## ੳ ਵਿਸ਼ਵਾਸ ਕੀ ਹੈ

ਵਿਸ਼ਵਾਸ ਇਕ ਆਗਿਆਕਾਰੀ ਦਾ ਕੰਮ ਉਸਦੇ ਜਵਾਬ ਵਿਚ ਜੋ ਪਰਮੇਸ਼ੁਰ ਕਹਿੰਦਾ ਹੈ। ਸੱਚਾ ਵਿਸ਼ਵਾਸ ਦਰਸਾਉਂਦਾ ਹੈ: 1) ਆਗਿਆਕਾਰੀ 2) ਜਵਾਬ ਦੇਣ 3) ਪਰਮੇਸ਼ੁਰ ਦਾ ਵਚਨ ਸੁਣਨਾ (ਆਵਾਜ਼ ਸੁਣਨਾ)

"ਹੁਣ ਨਿਹਚਾ ਆਸ ਕੀਤੀਆ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਹੈ ਅਤੇ ਅਣਡਿੱਠ ਵਸਤਾਂ ਦੀ ਸਬੂਤੀ ਹੈ।" (ਇਬਰਾਨੀਆਂ 11:1)

ਵਿਸ਼ਵਾਸ ਦਾ ਮਤਲਬ ਵਿਸ਼ਵਾਸ ਹੋਣਾ, ਭਰੋਸਾ ਜਾਂ ਦੂਸਰੇ ਉੱਤੇ ਵਿਸ਼ਵਾਸ ਹੋਣਾ ਜਾਂ ਉਸਦੇ ਸ਼ਬਦਾਂ ਉੱਤੇ। ਪਰਮੇਸ਼ੁਰ ਵਿਚ ਵਿਸ਼ਵਾਸ ਹੋਣ ਵਿਚ ਸ਼ਾਮਲ ਹੈ ਆਪਣੇ ਵਿਸ਼ਵਾਸ ਨੂੰ ਪਰਮੇਸ਼ੁਰ ਦੇ ਵਿਸ਼ਵਾਸ ਵਿਚ ਬਦਲਣਾ। ਅਸੀਂ ਆਪਣੇ ਆਪ ਤੇ ਵਿਸ਼ਵਾਸ ਨੂੰ ਰੋਕਦੇ ਹਾਂ ਅਤੇ ਉਸ ਉੱਤੇ ਵਿਸ਼ਵਾਸ ਕਰਦੇ ਹਾਂ। ਅਸੀ ਆਪਣੇ ਸੀਮਿਤ ਹੱਦਾਂ ਦੀ ਜਾਣਕਾਰੀ ਉੱਤੇ ਨਿਰਭਰਤਾ ਨੂੰ ਛੱਡ ਦਿੰਦੇ ਹਾਂ ਅਤੇ ਉਸਦੀ ਅਸੀਮਿਤ ਹੱਦਾਂ ਨੂੰ ਪ੍ਰਾਪਤ ਕਰਨਾ ਸ਼ੁਰੂ ਕਰਦੇ ਹਾਂ।

## ਅ. ਦੋ ਤਰ੍ਹਾਂ ਦੀ ਜਾਣਕਾਰੀ

“ਅਤੇ ਮੇਰਾ ਬਚਨ ਅਤੇ ਮੇਰਾ ਪਰਚਾਰ ਗਿਆਨ ਦੀਆਂ ਮਨਾਉਣ ਵਾਲੀਆਂ ਗੱਲਾਂ ਦੇ ਨਾਲ ਨਹੀਂ ਸਗੋਂ ਆਤਮਾ ਅਤੇ ਸਮਰੱਥਾ ਦੇ ਪਰਮਾਣ ਨਾਲ ਸੀ।”

GOOD SHEPHERD MINISTRY INTERNATIONAL

"ਤਾਂ ਜੋ ਤੁਹਾਡੀ ਨਿਹਚਾ ਮਨੁੱਖਾ ਦੀ ਬੁੱਧ ਉੱਤੇ ਨਹੀਂ ਸਗੋਂ ਪਰਮੇਸ਼ੁਰ ਦੀ ਸਮਰਥਾ ਉੱਤੇ ਠਹਿਰੇ।"

"ਤਾਂ ਵੀ ਅਸੀ ਸਿਆਣਿਆਂ ਦੇ ਅੱਗੇ ਗਿਆਨ ਸੁਣਾਉਂਦੇ ਹਾਂ ਪਰ ਉਹ ਗਿਆਨ ਨਹੀਂ ਜੋ ਇਸ ਜੁਗ ਦਾ ਹੋਵੇਂ ਅਤੇ ਨਾ ਇਸ ਜੁੱਗ ਦੇ ਹਾਕਮਾਂ ਦਾ ਜਿਹੜੇ ਨਾਸ ਹੋ ਰਹੇ ਹਨ।"

"ਸਗੋਂ ਪਰਮੇਸ਼ੁਰ ਦਾ ਗੁਪਤ ਗਿਆਨ ਭੇਤ ਨਾਲ ਸੁਣਾਉਂਦੇ ਹਾਂ ਜਿਹਨੂੰ ਪਰਮੇਸ਼ੁਰ ਨੇ ਜੁਗਾਂ ਤੋਂ ਪਹਿਲਾ ਸਾਡੇ ਪਰਤਾਪ ਲਈ ਠਹਿਰਾਇਆ।"

(1 ਕੁਰਿੰਥੀਆਂ 2:4–7)

ਇਹ ਵੀ ਦੇਖੋਂ 8:16

1. **ਗਿਆਨ ਇੰਦਰੀ ਜਾਣਕਾਰੀ**

ਸਾਰੀ ਜਾਣਕਾਰੀ ਕੁਦਰਤੀ ਆਦਮੀ ਨੂੰ ਉਸਦੇ ਵਿਚ ਪੰਜ ਗਿਆਨ ਇੰਦਰੀਆ ਦੁਆਰਾ ਆਉਂਦੀ ਹੈ ਜੋ ਹਨ– ਦੇਖਣਾ, ਸੁਣਨਾ, ਸੁਆਦ, ਸੁੰਘਨਾ ਅਤੇ ਛੂੱਹਣਾ। ਇਹ ਸੀਮਿਤ ਜਾਣਕਾਰੀ ਕਹਾਉਂਦੀ ਹੈ ਆਦਮੀ ਦੀ ਬੁੱਧੀ।

2. **ਪਰਕਾਸ਼ੀਤ ਜਾਣਕਾਰੀ**

ਇਹ ਜਾਣਕਾਰੀ ਨਾ ਤਾਂ ਪੰਜ ਗਿਆਨ ਇੰਦਰੀਆਂ ਉੱਤੇ ਨਾ ਕੁਦਰਤੀ ਕਾਰਨਾ ਉੱਤੇ ਆਧਾਰਿਤ ਹੈ ਪਰ ਦੂਸਰੀ ਸੰਭਾਵਨਾ ਵਾਲੇ ਚਿੰਨ੍ਹਾਂ (ਨਿਸ਼ਾਨ) ਉੱਤੇ ਆਧਾਰਿਤ ਹੈ– ਜੋ ਹਨ– ਪਰਮੇਸ਼ੁਰ ਦੇ ਵਚਨ ਦੀ ਸਚਿਆਈ। ਇਹ ਮਨੁੱਖ ਦੀ ਆਤਮਾ ਦੇ ਦੁਆਰਾ ਪ੍ਰਾਪਤ ਹੁੰਦੀ ਹੈ, ਜੋ ਕਹਾਉਂਦੀ ਹੈ "ਪਰਮੇਸ਼ੁਰ ਦੀ ਬੁੱਧੀ"– "ਕਿਉਂ ਜੋਂ ਅਸੀ ਨਿਹਚਾ ਨਾਲ ਚੱਲਦੇ ਹਾਂ, ਨਾ ਵੇਖਣ ਨਾਲ" (2ਕੁਰਿੰਥੀਆਂ 5:7)

GOOD SHEPHERD MINISTRY INTERNATIONAL

3. **<u>ਵਿਸ਼ਵਾਸ ਦੇ ਆਧਾਰ</u>**

ਪਰਮੇਸ਼ੁਰ ਵਿਚ ਵਿਸ਼ਵਾਸ ਦਾ ਆਧਾਰ ਹੋਣਾ ਤਿੰਨ ਮਹੱਤਵਪੂਰਨ ਸਚਿਆਈਆਂ ਵਿਚ ਹੈ।

1. **<u>ਪਰਮੇਸ਼ੁਰ ਦਾ ਸੁਭਾਅ</u>**

"ਜਦੋਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਬਚਨ ਦਿੱਤਾ ਤਾਂ ਇਸ ਕਰਕੇ ਜੋ ਆਪਣੇ ਨਾਲੋਂ ਵੱਡਾ ਕੋਈ ਨਾ ਵੇਖਿਆ ਜਿਹ ਦੀ ਉਹ ਸੌਂਹ ਖਾਂਦਾ ਉਹ ਨੇ ਆਪਣੀ ਹੀ ਸੌਂਹ ਖਾ ਆਖਿਆ"

(ਇਬਰਾਨੀਆਂ 6:13)

ੳ. **<u>ਉਹ ਬਦਲ ਨਹੀ ਸਕਦਾ</u>**

"ਕਿਉਂ ਜੋ ਮੈਂ ਯਹੋਵਾਹ ਅਟੱਲ ਹਾਂ। ਏਸੇ ਕਾਰਨ, ਹੇ ਯਾਕੂਬ ਦੇ ਪੁੱਤ੍ਰੋ, ਤੁਸੀ ਨਹੀ ਮੁੱਕੇ" (ਮਲਾਕੀ 3:6)

ਦੇਖੋ ਯਾਕੂਬ 1:17 ਕੀ ਕਹਿੰਦੀ ਹੈ, ਹਰੇਕ ਚੰਗਾ ਦਾਨ ਅਤੇ "ਹਰੇਕ ਪੂਰਨ ਦਾਤ ਉਤਾਹਾਂ ਤੋਂ ਹੈ ਅਤੇ ਜੋਤਾਂ ਦੇ ਪਿਤਾ ਵੱਲੋਂ ਉੱਤਰ ਆਉਂਦੀ ਹੈ ਜਿਹ ਦੇ ਵਿੱਚ ਨਾ ਬਦਲ ਅਤੇ ਨਾ ਉਹ ਪਰਛਾਵਾਂ ਹੋ ਸਕਦਾ ਜਿਹੜਾ ਘੁੰਮਣ ਨਾਲ ਪੈਂਦਾ ਹੈ"

ਅ. **<u>ਉਹ ਹਾਰ ਨਹੀ ਸਕਦਾ</u>**

"ਮੈਂ ਜਾਣਦਾ ਹਾਂ ਭਈ ਤੂੰ ਸਭ ਕੁੱਝ ਕਰ ਸਕਦਾ ਹੈ, ਅਤੇ ਤੇਰਾ ਕੋਈ ਪਰੋਜਨ ਰੁਕ ਨਹੀ ਸਕਦਾ।" (ਅਯੂੱਬ 42:2)

ਇਹ ਵੀ ਦੇਖੋ 1 ਇਤਹਾਸ 28:20 ਸਾਡਾ ਪਰਮੇਸ਼ੁਰ ਕਦੇ ਹਾਰ ਨਹੀ ਸਕਦਾ।

ੲ. **<u>ਉਹ ਝੂਠ ਨਹੀਂ ਬੋਲ ਸਕਦਾ</u>**

GOOD SHEPHERD MINISTRY INTERNATIONAL

"ਪਰਮੇਸ਼ੁਰ ਇਨਸਾਨ ਨਹੀਂ ਕਿ ਉਹ ਝੂਠ ਬੋਲੇ, ਨਾ ਆਦਮ ਜਾਇਆ ਕਿ ਉਹ ਪਛਤਾਵੇ। ਕੀ ਉਸ ਆਖਿਆ ਹੋਵੇ ਅਤੇ ਨਾ ਕਰੇ? ਅਥਵਾ ਉਹ ਬੋਲਿਆ ਅਤੇ ਉਹ ਪੂਰਾ ਨਾ ਹੋਇਆ?" (ਗਿਣਤੀ 23:19)

ਦੇਖੋ– ਤੀਤੁਸ 1:2

2. **<u>ਪਰਮੇਸ਼ੁਰ ਦੇ ਪੁੱਤਰ ਦਾ ਛੁਟਕਾਰਾ ਦੇਣੇ ਵਾਲਾ ਕੰਮ</u>**

"ਅਤੇ ਯਿਸੂ ਦੀ ਵੱਲ ਤੱਕਦੇ ਰਹੀਏ ਜਿਹੜਾ ਨਿਹਚਾ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ, ਜਿਹ ਨੇ ਉਸ ਅਨੰਦ ਨਿਮੱਤ ਜੋ ਉਹ ਦੇ ਅੱਗੇ ਧਰਿਆ ਹੋਇਆ ਸੀ ਲਾਜ ਨੂੰ ਤੁੱਛ ਜਾਣ ਕੇ ਸਲੀਬ ਦਾ ਦੁੱਖ ਝੱਲਿਆ ਅਤੇ ਪਰਮੇਸ਼ੁਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ।"

(ਇਬਰਾਨੀਆਂ 12:2)

GOOD SHEPHERD MINISTRY INTERNATIONAL

ਮਸੀਹ ਪਰਮੇਸ਼ੁਰ ਵਿਚ ਸਾਡੇ ਪਿਆਰ ਦਾ ਜਰਿਆ ਬਣ ਚੁਕਾ ਹੈ। ਉਸ ਦੇ ਮੌਤ ਦੀ ਅਤੇ ਪੁਰਣਜੀਵਿਤ ਹੋਣ ਦੀ ਸਚਿਆਈ ਸਾਡੇ ਵਿਸ਼ਵਾਸ ਲਈ ਆਧਾਰ ਹੈ।

"ਪਰ ਉਸ ਤੋਂ ਤੁਸੀ ਮਸੀਹ ਯਿਸੂ ਵਿਚ ਹੋ ਜਿਹੜਾ ਪਰਮੇਸ਼ੁਰ ਦੀ ਵਲੋਂ ਸਾਡੇ ਲਈ ਗਿਆਨ ਅਤੇ ਧਰਮ ਅਤੇ ਪਵਿੱਤਰਤਾਈ ਅਤੇ ਨਿਸਤਾਰਾ ਬਣਾਇਆ ਗਿਆ ਸੀ।" (1 ਕੁਰਿੰਥੀਆ 1:30)

ਦੇਖੋ– ਰੋਮੀਆਂ 5:1, 2 ਵਿਸ਼ਵਾਸ ਦੁਆਰਾ ਨਿਆਂ। ਪਰਮੇਸ਼ੁਰ ਨਾਲ ਸ਼ਾਂਤੀ। ਉਸਦੀ ਆਸ਼ੀਸ਼ ਦੇ ਰਸਤੇ ਵਿੱਚ ਅਤੇ ਉਸ ਦੀ ਆਸ਼ੀਸ਼ ਦੁਆਰਾ ਅਸੀ ਖੜ੍ਹੇ ਹਾਂ। ਕਿੰਨਾ ਵਿਸ਼ੇਸ਼ ਅਧਿਕਾਰ ਹੈ।

3. **<u>ਪਰਮੇਸ਼ੁਰ ਦਾ ਵਚਨ</u>**

"ਆਕਾਸ਼ ਅਤੇ ਧਰਤੀ ਟੱਲ ਜਾਣਗੇ ਪਰ ਮੇਰੇ ਵਚਨ ਕਦੀ ਨਾ ਟਲਣਗੇ।" (ਮਤੀ 24:35)

ਇਹ ਵੀ ਦੇਖੋ- ਯਸਾਯਾਹ 40:8

"ਤਾਂ ਯਹੋਵਾਹ ਨੇ ਮੈਨੂੰ ਆਖਿਆ, ਤੈਂ ਚੰਗਾ ਵੇਖਿਆ। ਮੈਂ ਆਪਣੇ ਬਚਨ ਦੇ ਪੂਰਾ ਕਰਨ ਲਈ ਜਾਗਦਾ ਜੋ ਰਹਿੰਦਾ ਹਾਂ" (ਯਿਰਮਿਯਾਹ 1:12)

ਉਸਦਾ ਵਚਨ ਸਦਾ ਸੱਚ ਲਈ ਖੜ੍ਹਾਂ ਹੈ। ਵਿਸ਼ਵਾਸ ਆਉਂਦਾ ਹੈ ਜਦੋਂ ਪਰਮੇਸ਼ੁਰ ਇਕ ਵਿਸ਼ੇਸ਼ ਵਚਨ ਦਿੰਦਾ ਹੈ- ਸਾਰਿਆਂ ਲਈ ਉਸਨੇ ਸਦਾ ਹੀ ਕਿਹਾ- ਸਾਨੂੰ ਸਿੱਧੇ ਸਾਡੀਆਂ ਪਰਸਥਿਤੀਆਂ (ਹਲਾਤਾਂ) ਵਿੱਚ। ਇਸ ਰਸਤੇ ਵਿਚ ਕਿਹਾ ਹੈ, ਪਰਮੇਸ਼ੁਰ ਦਾ ਵਚਨ ਸਾਨੂੰ ਜਿੰਦਾ ਹੀ ਆਉਂਦਾ ਹੈ, ਸਾਡੇ ਵਿਸ਼ਵਾਸ ਨੂੰ ਮੁਕਤੀ ਦਿੰਦਾ ਹੈ।

## ਸ. ਵਿਸ਼ਵਾਸ ਕਿਵੇਂ ਕੰਮ ਕਰਦਾ ਹੈ

ਵਿਸ਼ਵਾਸ ਦਾ ਸਿੰਧਾਤ (ਰੋਮੀਆਂ 3:27) ਸਾਡੀ ਜਾਨ ਨੂੰ ਲਗਾਤਾਰ ਚਲਾਈ ਰੱਖਦਾ ਹੈ, ਕੋਈ ਗੱਲ ਨਹੀ, ਪਰਸਥਿਤੀਆਂ (ਹਾਲਾਤ) ਕੀ ਹਨ।

2 ਕੁਰਿੰਥੀਆਂ 5:7 ਕਹਿੰਦੀ ਹੈ, "ਕਿਉਂ ਜੋ ਤੁਸੀਂ ਨਿਹਚਾ ਨਾਲੇ ਚਲਦੇ ਹਾਂ, ਨਾ ਵੇਖਣ ਨਾਲ। ਜਿਸ ਤਰ੍ਹਾਂ ਅਸੀ ਯਾਕੂਬ 1:5 6 ਵਿਚ ਵੀ ਵੇਖ ਸਕਦੇ ਹਾਂ ਕਿ ਵਿਸ਼ਵਾਸ ਦਾ ਹੋਣਾ ਕੋਈ ਦੋਸ਼ ਨਹੀ ਹੈ। ਇਸਦਾ ਮਤਲਬ ਹੋਵੇਗਾ ਪਰਸਥਿਤੀਆਂ (ਹਾਲਾਤਾਂ) ਦੇ ਹੁੰਦੇ ਹੋਏ। ਵਿਸ਼ਵਾਸ ਇਹਨਾਂ ਦਿਸ਼ਾ ਵਿਚ ਕੰਮ ਕਰਦਾ ਹੈ।

### 1. ਪਰਮੇਸ਼ੁਰ ਸਾਨੂੰ ਵਿਸ਼ਵਾਸ ਦਿੰਦਾ ਹੈ

"ਕਿਉਂ ਜੋ ਉਸ ਵਿਚ ਪਰਮੇਸ਼ੁਰ ਦਾ ਉਹ ਧਰਮ ਹੈ ਜੋ ਨਿਹਚਾ ਤੋਂ ਨਿਹਚਾ ਲਈ ਪ੍ਰਗਟ ਹੁੰਦਾ ਹੈ ਜਿਵੇਂ ਲਿਖਿਆ ਹੋਇਆ ਹੈ ਭਈ ਧਰਮੀ ਨਿਹਚਾ ਤੋਂ ਜਿਉਂਦਾ ਰਹੇਗਾ।"

(ਮਿਲਾਉ ਰੋਮੀਆਂ 1:17 ਨੂੰ ਹਬੱਕੂਕ 2:4)

"ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ, ਇਹ ਪਰਮੇਸ਼ੁਰ ਦੀ ਬਖਸ਼ੀਸ਼ ਹੈ। ਇਹ ਕਰਨੀਆਂ ਤੋਂ ਨਹੀ ਅਜਿਹਾ ਨਾ ਹੋਵੇ ਵੀ ਕੋਈ ਘੁਮੰਡ ਕਰੇ।"

(ਅਫ਼ਸੀਆਂ 2:8, 9)

"ਮੈਂ ਤਾਂ ਉਸ ਕਿਰਪਾ ਤੋਂ ਜਿਹੜੀ ਮੈਨੂੰ ਦਾਨ ਹੋਈ ਤੁਹਾਡੇ ਵਿਚੋਂ ਹਰੇਕ ਨੂੰ ਆਖਦਾ ਹਾਂ ਭਈ ਉਹ ਆਪਣੇ ਆਪ ਨੂੰ ਜਿੰਨ੍ਹਾਂ ਚਾਹੀਦਾ ਹੈ ਉਸ ਨਾਲੋਂ ਵੱਧ ਨਾ ਸਮਝੇ ਸਗੋਂ ਸੁਰਤ ਨਾਲ ਸਮਝੇ ਜਿੱਕਰ ਪਰਮੇਸ਼ੁਰ ਨੇ ਮਿਣ ਕੇ ਹਰੇਕ ਨੂੰ ਨਿਹਚਾ ਵੰਡ ਦਿੱਤਾ ਹੈ"

(ਰੋਮੀਆਂ 12:3)

## 2. <u>ਵਿਸ਼ਵਾਸ ਆਉਂਦਾ ਹੈ ਪਰਮੇਸ਼ੁਰ ਦੇ ਵਚਨ ਤੋਂ</u>

ਪਹਿਲਾ ਪਰਮੇਸ਼ੁਰ ਸਾਡੀ ਹਿੰਮਤ ਵਧਾਉਂਦਾ ਹੈ ਆਪਣੇ ਬੋਲੇ ਹੋਏ "ਵਚਨ" ਦੁਆਰਾ ਜੋ ਸਾਡੀਆਂ ਪਰਸਥਿਤੀਆਂ (ਹਾਲਾਤਾਂ) ਨਾਲ ਸੰਬੰਧਿਤ ਹੈ। ਇਹ ਆ ਸਕਦਾ ਜਿਸ ਤਰ੍ਹਾਂ ਤੁਸੀਂ ਬਾਈਬਲ ਪੜ੍ਹਦੇ ਹੋ ਅਤੇ ਪਵਿੱਤਰ ਆਤਮਾ ਦੀ ਆਵਾਜ਼ ਸੁਣੱਨ ਦੁਆਰਾ ਜੋ ਤੁਹਾਡੀ ਆਤਮਾ ਵਿਚ ਹੈ।

GOOD SHEPHERD MINISTRY INTERNATIONAL

"ਸੋ ਪਰਤੀਤ ਸੁਣਨ ਨਾਲ ਅਤੇ ਸੁਣਨਾ ਮਸੀਹ ਦੇ ਬਚਨ ਤੋਂ ਆਉਂਦਾ ਹੈ।" (ਰੋਮੀਆਂ 10:17)

ਦੇਖੋ ਪਰਮੇਸ਼ੁਰ ਨੇ ਕਿਸ ਤਰ੍ਹਾਂ ਅਬਰਾਹਾਮ ਨੂੰ ਬੋਲਿਆ ਉਤਪਤ 15:2-3, 17:15-21 ਵਿਚ ਅਤੇ ਯਹੋਸ਼ੁਆ ਨੂੰ ਯਹੋਸ਼ੁਆ 1:8 ਵਿੱਚ।

## 3. ਵਚਨ ਦੀ ਆਗਿਆਕਾਰੀ

ਵਿਸ਼ਵਾਸ ਲਈ ਸਾਨੂੰ ਪਰਸਥਿਤੀ (ਹਾਲਾਤ) ਵਿਚ ਚਲਾਉਣ ਲਈ, ਅਸੀ ਉਸ ਵਚਨ ਦੀ ਪਾਲਣਾ ਜ਼ਰੂਰ ਕਰਦੇ ਹਾਂ- ਸਾਨੂੰ ਵਚਨ ਦੀ ਗਹਿਰਾਈ ਵਿਚ ਜਾਣਾ ਅਤੇ ਵਿਸ਼ਵਾਸ ਦਾ ਫਲ ਸਾਡੇ ਕੰਮਾਂ ਅਤੇ ਸਾਡੇ ਜਵਾਬਾਂ ਵਿੱਚ ਸਾਫ ਹੋਣਾ ਚਾਹੀਦਾ ਹੈ।

ਵਿਸ਼ਵਾਸ "ਪ੍ਰਭਾਵਸ਼ਾਲੀ" ਹੈ, ਨਿਸ਼ਕਰਯ ਨਹੀ ਹੈ, ਪਰਮੇਸ਼ੁਰ ਦੇ ਬਹੁਤ ਸਾਰੇ ਵਾਅਦੇ ਸ਼ਰਤ ਤੇ ਨਿਰਭਰ ਹੈ-ਉਹ ਉਸਦਾ ਹਿੱਸਾ ਕਰੇਗਾ ਅਤੇ ਅਸੀ ਆਪਣਾ ਹਿਸਾ ਕਰਦੇ ਹਾਂ।

"ਇਸੇ ਪ੍ਰਕਾਰ ਨਿਹਚਾ ਜੋ ਅਮਲਾਂ ਸਹਿਤ ਨਾ ਹੋਵੇ ਤਾਂ ਆਪਣੇ ਆਪ ਤੋਂ ਮੋਈ ਹੋਈ ਹੈ।" (ਯਾਕੂਬ 2:17)

ਇਸ ਨੂੰ ਵੀ ਧਿਆਨ ਨਾਲ ਪੜ੍ਹੋਂ ਅਤੇ ਉਹਨਾਂ ਗੱਲਾਂ ਨੂੰ ਲਿਖੋ ਜੋ ਵਿਸ਼ਵਾਸ ਤੋਂ ਵਿਕਸਿਤ ਹਨ।

ਯਾਕੂਬ 1:22-25

ਉਤਪਤ 15:6

ਮੱਤੀ 7:24-27

GOOD SHEPHERD MINISTRY INTERNATIONAL

4. **ਸੰਕਟ ਦੀ ਘੜੀ ਜਾਂ ਸਾਡੇ ਵਿਸ਼ਵਾਸ ਦਾ ਚਿੰਨ੍ਹ**

ਇਹ ਪਰਖ ਦਾ ਸਮਾਂ ਹੈ। ਹਰ ਕੁਝ ਸਾਡੇ ਆਲੇ-ਦੁਆਲੇ ਹੁੰਦਾ ਹੈ ਪਰਮੇਸ਼ੁਰ ਨੇ ਜੋ ਆਖਿਆ ਹੈ ਉਸਦੇ ਉਲਟ ਪ੍ਰਗਟ ਹੁੰਦਾ ਹੈ ਇਹ ਸਾਡੇ ਵਿਸ਼ਵਾਸ ਦੀ ਕੁਦਰਤੀ ਗਵਾਹੀ ਪ੍ਰਤੀਤ ਨਹੀ ਹੁੰਦੀ। ਇਸ ਵਿਸ਼ੇ ਤੇ ਸਾਡਾ ਵਿਸ਼ਵਾਸ ਪੂਰੀ ਤਰ੍ਹਾਂ ਪਰਮੇਸ਼ੁਰ ਦੇ ਵਿਸ਼ਵਾਸ ਉੱਤੇ ਨਿਰਭਰ ਹੈ (ਜੋ ਉਸਨੇ ਸਾਨੂੰ ਕਿਹਾ ਹੈ)।

"ਇਹ ਦੇ ਵਿਚ ਤੁਸੀਂ ਵੱਡਾ ਅਨੰਦ ਕਰਦੇ ਹੋ ਭਾਵੇਂ ਹੁਣ ਥੋੜ੍ਹਾਂ ਕੁ ਚਿਰ ਜੇਕਰ ਲੋੜੀਂਦਾ ਹੋਵੇ ਤਾਂ ਭਾਂਤ-ਭਾਂਤ ਦੇ ਪਰਤਾਵਿਆ ਨਾਲ ਦੁਖੀ ਹੋਏ ਹੋਏ ਹੋ।" "ਤਾਂ ਜੋ ਤੁਹਾਡੀ ਪਰਖੀ ਹੋਈ ਨਿਹਚਾ ਜਿਹੜੀ ਨਾਸ਼ ਹੋਣ ਵਾਲੇ ਸੋਨੇ ਨਾਲੋਂ ਭਾਵੇਂ ਉਹ ਅੱਗ ਵਿਚ ਤਾਇਆ ਵੀ ਜਾਵੇ ਅੱਤ ਭਾਰੇ ਮੁੱਲ ਦੀ ਹੈ ਯਿਸੂ ਮਸੀਹ ਦੇ ਪ੍ਰਗਟ ਹੋਣ ਦੇ ਸਮੇਂ ਉਸਤਤ, ਮਹਿਮਾ ਅਤੇ ਆਦਰ ਦੇ ਜੋਗ ਨਿਕਲੇ" (1 ਪਤਰਸ 1:6,7)

ਦੇਖੋ- ਰੋਮੀਆਂ 4:16-21 ਅਤੇ ਜ਼ਬੂਰ 105:17-19

ਵਿਸ਼ਵਾਸ ਵਿਚ ਅਸੀ ਆਪਣਾ ਆਪ ਉਸਦੀ ਵਫਾਦਾਰੀ ਉੱਪਰ ਪਾਉਂਦੇ ਹਾਂ। ਸਾਡੇ ਦੋਸ਼ ਅਤੇ ਸੰਘਰਸ਼ ਦੇ ਸਮੇਂ ਵਿਚ ਪਰਮੇਸ਼ੁਰ ਵਫਾਦਾਰ ਹੈ ਅਤੇ ਸਾਨੂੰ ਨਹੀਂ ਛੱਡਦਾ।

"ਭਾਵੇਂ ਅਸੀ ਬੇਵਫਾ ਹੋਈਏ ਪਰ ਉਹ ਵਫਾਦਾਰ ਰਹਿੰਦਾ ਹੈ ਕਿਉਂ ਜੋ ਉਹ ਆਪਣਾ ਇੰਨਕਾਰ ਨਹੀ ਕਰ ਸਕਦਾ" (2 ਤਿਮੋਥਿਉਸ 2:13) ਇਹ ਵੀ ਦੇਖੋ- ਇਬਰਾਨੀਆਂ 13:5

5. **ਨਤੀਜਾ**



GOOD SHEPHERD MINISTRY INTERNATIONAL

ਅਖਰੀਲਾ ਨਤੀਜਾ ਸਦਾ ਜਿੱਤ ਹੈ ਵਿਸ਼ਵਾਸੀ ਦੇ ਹਿੱਸੇ ਦੇ ਉੱਪਰ, ਜੋ ਪਰਮੇਸ਼ੁਰ ਦੀ ਮਹਿਮਾ ਤੋਂ ਆਉਂਦਾ ਹੈ।

ਇਹਨਾ ਆਇਤਾਂ ਨੂੰ ਦੇਖੋ ਅਤੇ ਵਿਸ਼ਵਾਸ ਦੇ ਨਤੀਜਿਆਂ ਨੂੰ ਲਿਖੋ

ੳ ਯਾਕੂਬ 1:2–4,12

ਅ ਜਬੂਰ 105:19–22

ੲ ਰਸੂਲਾਂ ਦੇ ਕਰਤੱਬ 3:16

ਸ ਇਬਰਾਨੀਆਂ 6:13–15

ਕਿਉਂ ਜੋ ਹਰੇਕ ਜਿਹੜਾ ਪਰਮੇਸ਼ੁਰ ਤੋਂ ਜੰਮਿਆਂ ਹੈ ਉਹ ਸੰਸਾਰ ਉੱਤੇ ਫਤਹ ਪਾਉਂਦਾ ਹੈ ਅਰ ਫਤਹ ਇਹ ਹੈ।

(1 ਯੂਹੰਨਾ 5:4)

GOOD SHEPHERD MINISTRY INTERNATIONAL

**<u>ਮੇਰੀ ਗਵਾਹੀ</u>**

ਅੱਜ ਮੈਂ ਵਿਸ਼ਵਾਸ ਦੁਆਰਾ ਜੀਉਣ ਅਤੇ ਆਪਣੀ ਜਿੰਦਗੀ ਦੇ ਸਾਰੇ ਰੱਸਤਿਆਂ ਵਿਚ ਪਰਮੇਸ਼ੁਰ ਉੱਤੇ ਵਿਸ਼ਵਾਸ ਕਰਨ ਦਾ ਫੈਂਸਲਾ ਕਰ ਲਿਆ ਹੈ। ਮੈਂ ਸਵੀਕਾਰ ਕੀਤਾ ਹੈ ਮੇਰੀ ਜਰੂਰਤ ਪੂਰੀ ਤਰ੍ਹਾਂ ਪਰਮੇਸ਼ੁਰ ਉੱਤੇ ਨਿਰਭਰ ਹੈ–ਜੋ ਵਿਸ਼ਵਾਸ ਦੇ ਕੰਮ ਵਿਚ ਹੈ। ਸਮਿੱਸਆਵਾਂ, ਚੁਨੌਤੀਆਂ ਅਤੇ ਕਠਿਨਾਇਆਂ ਵਿਚ ਮੈਂ ਉਸਦੀ ਵਫਾਦਾਰੀ ਉੱਤੇ ਨਿਰਭਰ ਕਰਾਂਗਾ। ਪਰਮੇਸ਼ੁਰ ਦਾ ਜਵਾਬ ਉਸਦੀ ਆਸ਼ੀਸ਼ ਹੋਵੇਗੀ– ਉਸਦੀ ਯੋਗ ਬਣਾਉਣ ਵਾਲੀ ਸ਼ਕਤੀ। ਮੈਂ ਦੂਜਿਆਂ ਨੂੰ ਦਸਾਂਗਾ ਕਿ

ਕਿਸ ਤਰ੍ਹਾਂ ਪਰਮੇਸ਼ੁਰ ਦੀ ਵਫਾਦਾਰੀ ਉੱਤੇ ਨਿਰਭਰ ਕਰਨਾ ਅਤੇ ਪਰਮੇਸ਼ੁਰ ਵਿਚ ਵਿਸ਼ਵਾਸ ਨਾਲ ਚੱਲਣਾ।

**ਦਿੱਤਾ ਗਿਆ ਕੰਮ**

1. ਆਪਣੀ ਵਿਸ਼ਵਾਸੀ ਜਿੰਦਗੀ ਨੂੰ ਪਰਖੋ। ਤੁਸੀ ਕਿੰਨਾ ਉਸ ਸਮੇਂ ਤੋਂ ਵਧੇ ਹੋਏ ਜਦੋਂ ਤੋਂ ਤੁਸੀ ਬਚਾਏ ਗਏ ? ਕਿ ਤੁਸੀ ਪਰਮੇਸ਼ੁਰ ਉੱਤੇ ਵਿਸ਼ਵਾਸ ਕੀਤਾ ਹੈ ਉਸ ਵਾਅਦੇ ਨਾਲ ਜੋ ਉਸ ਨੇ ਤੁਹਾਨੂੰ ਕਿਹਾ ? ਪਿਛੇ ਦੇਖੋ ਉਸ ਵਾਅਦੇ ਉੱਤੇ ਜੋ ਉਸਨੇ ਤੁਹਾਨੂੰ ਦਿੱਤਾ ਹੈਅਤੇ ਅੱਜ ਆਪਣੇ ਆਪ ਨੂੰ ਨਵੇ ਸਿਰੇ ਤੋਂ ਵਚਨਵੱਧ (ਵਾਧੇ ਦੇ ਪੱਕੇ) ਕਰੀਏ, ਉਸ ਵਿਚ ਵਿਸ਼ਵਾਸ ਕਰੀਏ ਕਿ ਉਹ ਉਹਨਾਂ ਸਾਰਿਆਂ ਨੂੰ ਪੂਰਾ ਕਰਨ ਯੋਗ ਹੈ ਜੋ ਉਸਨੇ ਵਾਧਾ ਕੀਤਾ ਹੈ।

2. ਕਿ ਤੁਸੀਂ ਆਪਣੇ ਵਿਸ਼ਵਾਸ ਨੂੰ ਪਰਖਿਆ ਹੈ, ਜੇ ਹਾਂ, ਕਿਰਪਾ ਕਰਕੇ ਇਸਨੂੰ ਮੰਡਲੀ ਵਿਚ ਦੱਸੋਂ ਸੋ ਇਸ ਲਈ ਤੁਸੀਂ ਇਸਦੇ ਜਰਿਏ ਦੂਜਿਆਂ ਦੀ ਹਿਮੰਤ (ਉਤਸ਼ਾਹ) ਵਧਾ ਸਕਦੇ ਹੋ।

**ਯਾਦ ਰੱਖਣ ਯੋਗ ਆਇਤਾਂ:**

1. ਇਬਰਾਨੀਆਂ 11:1
2. ਯਾਕੂਬ 1:17
3. ਗਿਣਤੀ 23:19
4. ਯਸ਼ਾਯਾਹ 40:8
5. ਅਯੂੱਬ 42:2
6. ਯਾਕੂਬ 2:17
7. ਰੋਮੀਆਂ 10:17

GOOD SHEPHERD MINISTRY INTERNATIONAL

# ਬਾਈਬਲ ਪੜ੍ਹਨਾ –10 ਆਸ਼ੀਸ਼

ਆਸ਼ੀਸ਼ ਸ਼ਬਦ ਦਾ ਅਰਥ ਈਸਾਈ ਧਰਮ ਵਿੱਚ ਹੁਣ ਤੱਕ ਵੀ ਪੂਰੀ ਤਰ੍ਹਾਂ ਨਹੀਂ ਸਮਝਿਆ ਗਿਆ ਹੈ। ਇਸ ਸ਼ਬਦ ਦਾ ਅਰਥ ਸਮਝਣ ਦੇ ਲਈ ਇਹਦਾ ਪੜ੍ਹਨਾ ਜ਼ਰੂਰੀ ਹੈ ਅਤੇ ਇਹ ਜਾਣ ਲੈਣ ਲਈ ਕਿ ਇਹ ਸ਼ਬਦ ਕਿਸ ਤਰ੍ਹਾਂ ਸਾਡੀ ਜਿੰਦਗੀ ਨੂੰ ਖੁਸ਼ੀਆਂ ਨਾਲ ਭਰਦਾ ਹੈ।

"ਅਤੇ ਰਸੂਲ ਵੱਡੀ ਸ਼ਕਤੀ ਨਾਲ ਪ੍ਰਭੂ ਯਿਸੂ ਦੇ ਜੀ ਉੱਠਣ ਦੀ ਸਾਖੀ ਦਿੰਦੇ ਸਨ ਅਰ ਉਨਾਂ ਸਭਨਾਂ ਉੱਤੇ ਵੱਡੀ ਕਿਰਪਾ ਸੀ।"

(ਰਸੂਲਾਂ ਦੇ ਕਰਤੱਬ 4:33)

"ਉੱਥੋਂ ਜਹਾਜ ਤੇ ਚੜ ਕੇ ਅੰਤਾਕਿਯਾ ਨੂੰ ਚੱਲੇ ਜਿੱਥੇ ਉਹ ਉਸ ਕੰਮ ਦੇ ਲਈ ਜੋ ਉਨ੍ਹਾਂ ਨੇ ਹੁਣ ਪੂਰਾ ਕੀਤਾ ਪਰਮੇਸ਼ੁਰ ਦੀ ਕਿਰਪਾ ਉੱਤੇ ਸੌਂਪੇ ਗਏ ਸਨ।"

(ਰਸੂਲਾ ਦੇ ਕਰਤੱਬ 14:26)

ਈਸਾਈ ਧਰਮ ਦੀ ਸ਼ੁਰੂਆਤ ਵਿੱਚ ਪਰਮੇਸ਼ੁਰ ਦਾ ਆਸ਼ੀਰਵਾਦ ਇੰਨਾ ਮਹੱਤਵਪੂਰਨ ਕਿਉਂ ਸੀ? ਅੰਤਾਕਿਯਾ ਦੇ ਚਰਚ ਵਿੱਚ ਹੋਣ ਵਾਲੀ ਪ੍ਰਾਰਥਨਾ ਵਿੱਚ ਪਰਮੇਸ਼ੁਰ ਨੇ ਪੌਲ ਅਤੇ ਬਰਨਾਵਸ ਤੇ ਹੋਵੇਗਾ ਅਤੇ ਬਾਅਦ ਵਿੱਚ ਪੌਲ ਅਤੇ ਸੀਲਾਸ ਤੇ ਜਦੋਂ ਉਹ ਉਦੇਸ਼ ਦੀ ਪ੍ਰਾਪਤੀ ਦੇ ਲਈ ਨਿੱਕਲਣਗੇ।

ੳ      <u>ਆਸ਼ੀਸ਼ ਦਾ ਅਰਥ</u>

ਆਸ਼ੀਸ਼ ਦਾ ਸਧਾਰਣ ਸ਼ਬਦਾਂ ਵਿਚ ਆਸ਼ੀਸ਼ ਸ਼ਬਦ ਦਾ ਅਰਥ ਪਰਮੇਸ਼ੁਰ ਦੀ ਆਪਾਰ ਕਿਰਪਾ ਹੈ। ਦੂਜੇ ਸ਼ਬਦਾਂ ਵਿੱਚ ਜੇਕਰ ਅਸੀਂ ਪਾਪੀ ਹਾਂ, ਸਜਾਂ ਦੇ ਹੱਕਦਾਰ ਹਾਂ, ਪਰਮੇਸ਼ੁਰ ਸਾਡੇ ਉੱਤੇ ਪਿਆਰ ਦਿਖਾਉਂਦਾ ਹੈ, ਅਤੇ ਸਾਨੂੰ ਮਾਫ ਕਰ ਦਿੰਦਾ ਹੈ। ਇਹ ਵੀ ਉਸਦਾ ਅਧੂਰਾਂ ਅਰਥ ਹੈ ਆਸ਼ੀਸ਼ ਦਾ ਦੂਸਰਾ ਅਰਥ ਪਰਮੇਸ਼ੁਰ ਦੀ ਕਰਨੇ ਦੀ ਸ਼ਕਤੀ ਹੈ।

"ਹੁਣ ਸਾਡਾ ਪ੍ਰਭੂ ਯਿਸੂ ਮਸੀਹ ਆਪ ਅਤੇ ਸਾਡਾ ਪਿਤਾ ਪਰਮੇਸ਼ੁਰ ਜਿਹਨੇ ਸਾਡੇ ਨਾਲ ਪ੍ਰੇਮ ਕੀਤਾ ਅਤੇ ਕਿਰਪਾ ਕਰਕੇ ਸਾਨੂੰ ਸਦੀਪਕਾਲ ਦੀ ਤਸੱਲੀ ਅਤੇ ਭਲੀ ਆਸਾ ਦਿੱਤੀ।"

"ਤੁਹਾਡੇ ਮਨਾਂ ਨੂੰ ਸ਼ਾਂਤੀ ਦੇਵੇ ਅਤੇ ਉਹਨਾਂ ਨੂੰ ਹਰੇਕ ਸ਼ੁਭ ਕਰਮ ਅਤੇ ਬਚਨ ਵਿੱਚ ਦ੍ਰਿੜ ਕਰੇ।"

(2 ਥੱਸਲੁਨੀਕੀਆਂ 2:16,17)

ਪਰਮੇਸ਼ੁਰ ਦੀ ਆਸ਼ੀਸ਼ ਨਾ ਸਿਰਫ ਸਾਨੂੰ ਪਰਮੇਸ਼ੁਰ ਦੇ ਪਰਿਵਾਰ ਵਿੱਚ ਸ਼ਾਮਲ ਕਰਦਾ ਹੈ ਬਲਕਿ ਸਾਨੂੰ ਈਸਾਈ ਧਰਮ ਦੇ ਅਨੁਸਾਰ ਜੀਉਣ ਦੀ ਸ਼ਕਤੀ ਵੀ ਦਿੰਦਾ ਹੈ। ਦੋ ਧਾਰਮਿਕ ਪੁਸਤਕਾਂ ਪਰਮੇਸ਼ੁਰ ਉੱਪਰ ਵਿਸ਼ਵਾਸ ਰੱਖਣ ਵਾਲਿਆਂ ਵਿੱਚ ਪਰਮੇਸ਼ੁਰ ਦੇ ਆਸ਼ੀਸ਼ ਦੇ ਦੋ ਪੱਖਾਂ ਨੂੰ ਪੇਸ਼ ਕਰਦੀ ਹੈ।

## 1. <u>ਪਰਮੇਸ਼ੁਰ ਦੀ ਅਪਾਰ ਕ੍ਰਿਪਾ</u>

GOOD SHEPHERD MINISTRY INTERNATIONAL

"ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀ, ਇਹ ਪਰਮੇਸ਼ੁਰ ਦੀ ਬਖਸ਼ੀਸ਼ ਹੈ।"

"ਇਹ ਕਰਨੀਆਂ ਤੋਂ  ਨਹੀਂ ਅਜਿਹਾ ਨਾ ਹੋਵੇ ਭਈ ਕੋਈ ਘਮੰਡ ਕਰੇ।"

(ਅਫ਼ਸੀਆਂ 2:8,9)

2. <u>ਪਰਮੇਸ਼ੁਰ ਦੀ ਯੋਗ ਬਣਾਉਣ ਵਾਲੀ ਸ਼ਕਤੀ</u>

"ਜਿਵੇ ਉਹਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋ ਹੀਂ ਉਸ ਵਿੱਚ ਚੁਣ ਲਿਆ ਭਈ ਅਸੀਂ ਉਹਦੇ ਸਨਮੁਖ ਪ੍ਰੇਮ ਵਿੱਚ ਪਵਿੱਤਰ ਅਤੇ ਨਿਰਮਲ ਹੋਈਏ।"

"ਉਹਨੇ ਜੋ ਆਪਣੀ ਮਰਜੀ ਦੇ

ਨੇਕ............................................

.................................................................................

(ਅਫ਼ਸੀਆਂ 1:4-6)

ਸਾਰੇ ਪਾਠ ਨੂੰ ਪੜੋਂ ਜਿਸ ਤਰ੍ਹਾਂ ਇਹ ਦਰਸਾਉਂਦਾ ਹੈ ਕਿ ਅਸੀਂ ਸਭ ਕੁਝ ਉਸਦੀ ਆਸ਼ੀਸ਼ ਦੇ ਦੁਆਰਾ ਪ੍ਰਾਪਤ ਕੀਤਾ ਹੈ (ਉਸਦੀ ਯੋਗ ਬਣਾਉਣ ਵਾਲੀ ਸ਼ਕਤੀ ਦੇ ਦੁਆਰਾ) ਮੁਕਤੀ ਵਿੱਚ ਨਾ ਸਿਰਫ ਪਰਮੇਸ਼ਵ ਦੀ ਅਪਾਰ ਕਿਰਪਾ ਪ੍ਰਗਟ ਹੁੰਦੀ ਹੈ। (ਜਿਸ ਵਿੱਚ ਸਾਨੂੰ ਉਸਦੇ ਦੁਆਰਾ ਨਾ ਸਿਰਫ ਮਾਫੀ ਪ੍ਰਾਪਤ ਹੁੰਦੀ ਹੈ ਬਲਕਿ ਅਸੀਂ ਉਸਦੇ ਨਾਲ ਉਹ ਸੰਬੰਧ ਬਣਾਉਂਦੇ ਹਾਂ ਜਿਸਦੇ ਅਸੀਂ ਯੋਗ ਨਹੀਂ ਹਾਂ) ਬਲਕਿ ਉਹ ਸ਼ਕਤੀ ਵੀ ਹੁੰਦੀ ਹੈ ਜਿਸਦੇ ਦੁਆਰਾ ਅਸੀਂ ਉਸ ਮੁਕਤੀ ਨੂੰ ਪ੍ਰਾਪਤ ਕਰ ਲੈਂਦੇ ਹਾਂ।

GOOD SHEPHERD MINISTRY INTERNATIONAL

"ਇਸ ਲਈ ਜੇਕਰ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀ ਸ੍ਰਿਸ਼ਟੀ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ। ਦੇਖੋ ਨਵੀਆਂ ਗੱਲਾਂ ਆ ਗਈਆ ਹਨ"

(2 ਕੁਰੰਥੀਆਂ 5:17)

ਆਸ਼ੀਸ਼ ਦਾ ਇਹ ਸਿਧਾਂਤ ਸਾਡੇ ਪਰਮੇਸ਼ੁਰ ਦੇ ਨਾਲ ਸੰਬੰਧਾਂ ਦੇ ਨਾਲ ਚਲਦਾ ਰਹਿੰਦਾ ਹੈ। ਸਾਡੇ ਈਸਾਈ ਦੇ ਖੇਤਰ ਵਿੱਚ ਇਹ ਪਰਮੇਸ਼ੁਰ ਦਾ ਆਸ਼ੀਸ਼ ਹੈ ਜੋ ਸਾਡੀ ਸ਼ਕਤੀ ਅਤੇ ਵਿਕਾਸ ਦਾ ਕਾਰਨ ਹੈ ਸਾਡੇ ਗੁਣਾਂ ਅਤੇ ਚੰਗਿਆਈਆਂ ਦੇ ਬਿਨਾਂ ਵੀ ਪਰਮੇਸ਼ੁਰ ਦੀ ਕਿਰਪਾ ਸਾਡੇ ਉੱਤੇ ਹੁੰਦੀ ਹੈ। ਦੇਖੋ (2 ਪਤਰਸ 3:18)

ਅ. <u>ਵਿਸ਼ਵਾਸ ਦੇ ਬਹਾਦਰਾਂ ਨੂੰ ਆਸ਼ੀਸ਼ ਦਿੱਤੀ ਗਈ</u>

ਉਸ ਉੱਤੇ ਵਿਸ਼ਵਾਸ ਕਰਨ ਵਾਲਿਆਂ ਨੂੰ ਪਰਮੇਸ਼ੁਰ ਦਾ ਆਸ਼ੀਸ਼ ਪੂਰੀ ਬਾਈਬਲ ਵਿਅਕਤੀਂ ਅਤੇ ਔਰਤਾਂ ਦੀ ਜਿੰਦਗੀ ਉੱਤੇ ਪਰਮੇਸ਼ੁਰ ਦੇ ਆਸ਼ੀਸ਼ ਨੂੰ ਪ੍ਰਗਟ ਕਰਦੀ ਹੈ। ਪਰਮੇਸ਼ੁਰ ਉੱਤੇ ਵਿਸ਼ਵਾਸ ਆਪਣੀਆਂ ਕਮੀਆਂ ਅਤੇ ਅਯੋਗਤਾਵਾਂ ਨੂੰ ਜਾਣ ਕੇ ਕੀਤਾ ਜਾ ਸਕਦਾ ਹੈ, ਇਹ ਕੇਵਲ ਪਰਮੇਸ਼ੁਰ ਦੀ ਆਸ਼ੀਸ਼ ਦੁਆਰਾ ਉਸਦੇ ਕਰਨ ਦੀ ਸ਼ਕਤੀ ਦੁਆਰਾ ਜੋ ਉਸਦੀ ਜਿੰਦਗੀ ਵਿੱਚ ਕੰਮ ਕਰਦੀ ਹੈ ਉਸਦੇ ਦੁਆਰਾ ਹੀ ਉਹ ਅਜਿਹਾ ਇਨਸਾਨ ਬਣ ਸਕਦਾ ਹੈ ਜਿਵੇ ਕਿ ਪਰਮੇਸ਼ੁਰ ਉਹਨੂੰ ਬਣਾਉਣਾ ਚਾਹੁੰਦਾ ਹੈ ਅਤੇ ਉਹ ਉਦੇਸ਼ ਪੂਰੇ ਹੁੰਦੇ ਹਨ ਜੋ ਪਰਮੇਸ਼ੁਰ ਨੇ ਉਸਦੇ ਲਈ ਬਣਾਏ ਹਨ।

1. <u>ਮੂਸਾ ਦੀ ਜਿੰਦਗੀ ਵਿੱਚ ਪਰਮੇਸ਼ੁਰ ਦੀ ਆਸ਼ੀਸ਼</u>

ਕੂਚ 3:11−13, 4:1−13)

ਮੂਸਾ ਦੁਆਰਾ ਪਰਮੇਸ਼ੁਰ ਨੂੰ ਦਿੱਤਾ ਗਿਆ ਉਦੇਸ਼ ਕੋਈ ਆਸਾਨ ਕੰਮ ਨਹੀ ਸੀ। ਇਸਰਾਏਲ ਉਸ ਸਮੇਂ ਦਾ ਸ਼ਾਸਕ ਸੀ। ਇਹ ਇੱਕ ਅਤਿਆਚਾਰੀ ਦੇਸ਼ ਸੀ। ਅਤੇ ਫਾਰੋ ਇਸਦਾ ਨੇਤਾ ਸੀ ਜੋ ਆਪਣੇ ਆਪ ਨੂੰ ਸਰਵਉੱਚ ਮੰਨਣ ਦਾ ਦਾਅਵਾ ਕਰਦਾ ਸੀ। ਦੂਸਰੇ ਸਾਰੇ ਦੇਸ਼ ਉਸਦੇ ਡਰ ਤੋਂ ਜਿੱਤੇ ਸਨ।

ਜਦੋਂ ਪਰਮੇਸ਼ੁਰ ਨੇ ਮੂਸਾ ਨੂੰ ਇਸਰਾਏਲ ਵਿੱਚ ਜਾਣ ਅਤੇ ਉਸਦੇ ਤਿੰਨ ਕਰੋੜ ਲੋਕਾਂ ਦੀ ਗੁਲਾਮੀ ਤੋਂ ਆਜਾਦ ਕਰਾਉਣ ਦੇ ਲਈ ਕਿਹਾ ਤਾਂ ਮੂਸਾ ਨੇ ਆਪਣੀਆਂ ਕਮੀਆਂ ਅਤੇ ਅਯੋਗਤਾਵਾ ਦੇ ਬਾਵਜੂਦ ਇਹ ਉੱਤਰ ਦਿੱਤਾ।

ਕੂਚ 3: 11 "ਮੈਂ ਕੌਣ ਹਾਂ ?"

3:13 "ਤੁਸੀਂ ਕੌਣ ਹੋ ?"

4:1 "ਉਹ ਮੇਰਾ ਵਿਸ਼ਵਾਸ ਨਹੀ ਕਰਣਗੇ ?"

4:10 "ਮੈਂ ਪ੍ਰਭਾਵਿਤ ਕਰਨ ਵਾਲਾ ਨਹੀਂ ਹਾਂ ?"

4:13 "ਪ੍ਰਭੂ ਕਿਸੇ ਹੋਰ ਨੂੰ ਭੇਜੋ।"

ਪਰਮੇਸ਼ੁਰ ਦੀ ਆਸ਼ੀਸ਼ ਤੋਂ ਮੂਸਾ ਮਿਸਰ ਗਿਆ ਅਤੇ ਚਮਤਕਾਰੀ ਢੰਗ ਨਾਲ ਲੋਕਾਂ ਨੂੰ ਪਰਮੇਸ਼ੁਰ ਦੇ ਕਹੇ ਅਨੁਸਾਰ ਆਜਾਦ ਕਰਾਇਆ।

## 2. <u>ਗਿਦੋਨ ਦੀ ਜਿੰਦਗੀ ਤੋਂ ਆਸ਼ੀਸ਼</u>



GOOD SHEPHERD MINISTRY INTERNATIONAL

ਨਿਆਇਆਂ 61–24 ਗਿਦੋਨ ਦੀ ਜਿੰਦਗੀ ਉੱਤੇ ਪਰਮੇਸ਼ੁਰ ਦਾ ਆਸ਼ੀਸ਼

ਗਿਦੋਨ ਨੂੰ ਪਰਮੇਸ਼ੁਰ ਦਾ ਆਦੇਸ਼ ਮਿਲਿਆ ਕਿ ਉਹ ਉਸਦੇ ਲੋਕਾਂ ਨੂੰ ਮਿਦਆਨ ਦੀ ਸੈਨਾ ਦੇ ਅਧਿਕਾਰ ਤੋਂ ਮੁਕਤ ਕਰਵਾਇਆ ਕਈ ਸਾਲਾਂ ਤੱਕ ਇਸਰਾਏਲ ਦੀ ਹਾਰ ਨੂੰ ਯਾਦ ਰੱਖਿਆ ਗਿਆ ਅਤੇ ਗਿਦੋਨ ਦਾ ਪਰਮੇਸ਼ੁਰ ਦੇ ਆਦੇਸ਼ ਦਾ ਉੱਤਰ ਜੋ 13 ਵਿਰਸੇ ਵਿੱਚ ਹੈ ਉਸਦੇ ਸ਼ੁਰੂਆਤੀ ਅਵਿਸ਼ਵਾਸ ਨੂੰ ਪ੍ਰਗਟ ਕਰਦਾ ਹੈ।

"ਗਿਦੋਨ ਨੇ ਉਨਨੂੰ ਕਿਹਾ, ਹੇ ਮੇਰੇ ਪ੍ਰਭੂ, ਬੇਨਤੀ ਸੁਣ, ਜੇਕਰ ਯਹੋਵਾਹ ਸਾਡੇ ਸੰਗ ਹੁੰਦਾ, ਤਾਂ ਸਾਡੇ ਉੱਤੇ ਇਹ ਸਾਰੀ ਬਿਪਤਾ ਕਿਉਂ ਪੈਂਦੀ ? ਅਤੇ ਜਿੰਨੇ ਅਚਰਜ ਕੰਮਾਂ ਦਾ ਵਰਣਨ ਸਾਡੇ ਪੁਰਖਾਂ ਇਹ ਕਹਿ ਕੇ ਕਰਦੇ ਸਨ, ਕਿ ਕੀ ਯਹੋਵਾਹ ਸਾਨੂੰ ਮਿਸਰ ਤੋਂ ਛੁਡਾ ਨਹੀ ਲਿਆਇਆ, ਉਹ ਕਿੱਥੇ ਰਹੇ ? ਅਤੇ ਮਿਦਯਾਨੀਆਂ ਦੇ ਹੱਥ ਕਰ ਦਿੱਤਾ ਹੈ।"

GOOD SHEPHERD MINISTRY INTERNATIONAL

" ਅਤੇ ਉਹਨੇ ਕਿਹਾ, ਹੇ ਮੇਰੇ ਪ੍ਰਭੂ, ਬੇਨਤੀ ਸੁਣ, ਮੈਂ ਇਸਰਾਏਲ ਨੂੰ ਕਿਉਂ ਕਰ ਛੁੜਾਂਵਾ ?..........................................................................

...........................................................................................

..........................................................................................,

,

(ਨਿਆਇਆ 6:15)

ਆਪਣੇ ਡਰ ਅਤੇ ਅਯੋਗਤਾਂਵਾਂ ਦੇ ਬਾਵਜੂਦ ਪਰਮੇਸ਼ੁਰ ਦੀ ਆਸ਼ੀਸ਼ ਤੇ ਗਿਦੋਨ ਨੇ ਇਸਰਾਏਲ ਨੂੰ ਬਚਾਇਆ ਅਤੇ ਉਸਨੇ ਇਹ ਸਭ ਕੁਝ ਥੋੜੇ ਜਿਹੇ ਆਦਮੀਆਂ ਦੀ ਸਹਾਇਤਾ ਨਾਲ ਕੀਤਾ ਇਹ ਆਸ਼ੀਸ਼ ਹੀ ਹੈ ਜਿਸ ਤੋਂ ਸਭ ਕੁਝ ਸੰਭਵ ਹੈ।

3. **ਪੌਲੁਸ ਦੀ ਜਿੰਦਗੀ ਵਿੱਚ ਆਸ਼ੀਸ਼**

ਰਸੂਲਾਂ ਦੇ ਕਰਤੱਬ 15:40, ਪਰੰਤੂ ਪੌਲੁਸ ਨੇ ਸੈਲਾਸ ਨੂੰ ਚੁਣ ਲਿਆ ਤੇ ਭਾਈਆਂ ਦੁਆਰਾ ਪ੍ਰਭੂ ਦੇ ਅਨੁਗ੍ਰਹਿ ਵਿੱਚ ਸੌਂਪੇ ਜਾ ਕੇ ਉਹ ਉੱਥੋਂ ਚਲ ਪਿਆ ਪੌਲੁਸ ਅਤੇ ਸੈਲਾਸ ਨੇ ਆਪਣੀ ਮਸ਼ਨਿਰੀ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਅਾਂਤਕੀਆਂ ਚਰਚ ਵਿੱਚ ਉਸਦੇ ਲਈ ਪ੍ਰਾਰਥਨਾ ਕੀਤੀ।

2 ਕੁਰਿੰਥੀਆਂ 11:22-33 ਵਿੱਚ ਪੌਲੁਸ ਦੇ ਅਨੁਭਵ ਦੇ ਵਰਣਨ ਨੂੰ ਪੜੋ। ਇਹ ਸਮਝਨੇ ਯੋਗ ਹੈ ਕਿ ਉਸਨੇ ਪਹਿਲੀ ਵਾਰ ਪਰਮੇਸ਼ੁਰ ਦੀ ਆਸ਼ੀਸ਼ ਦੀ ਪ੍ਰਸ਼ੰਸਾ ਕੀਤੀ ਉਹਨਾਂ ਨੂੰ ਬੱਚੇ ਰਹਿਣ ਦੀ ਜਰੂਰਤ ਹੈ। ਪਰਮੇਸ਼ੁਰ ਨੇ ਉੱਤਰ ਦਿੱਤਾ ਪੌਲੁਸ ਦਾ ਦੁਰਬਲਤਾ ਨੂੰ ਮੰਨਣਾ ਉਸਦਾ ਵਾਇਦਾ ਸਾਡੇ ਲਏ ਹੈ।

“ਅਤੇ ਉਸਨੇ ਮੈਨੂੰ ਕਿਹਾ, ਮੇਰਾ ਅਨੁਗ੍ਰਹਿ ਤੇਰੇ ਲਈ ਹੈ, ਕਿਉਂਕਿ ਮੇਰਾ ਸਮਰਥ ਨਿਰਬਲਤਾ ਵਿੱਚ ਸਿੱਧ ਹੁੰਦਾ ਹੈ.................................................

...............................................................................

..............................................................................”

(2 ਕੁਰਿੰਥੀਆਂ 12:9)

ੲ **<u>ਸਾਡੀਆਂ ਜਿੰਦਗੀਆਂ ਵਿੱਚ ਪਰਮੇਸ਼ੁਰ ਦੀ ਆਸ਼ੀਸ਼</u>**

ਸਾਡਾ ਪਰਮੇਸ਼ੁਰ ਦੇ ਨਾਲ ਸਬੰਧ ਜਿਵੇਂ ਅਸੀ ਉਸਦੇ ਨਾਲ ਹਰੇਕ ਦਿਨ ਚਲਦੇ ਹਾਂ ਸਾਡਾ ਕਈ ਵਾਰ ਅਜਿਹੀਆਂ ਪਰਿਸਥਤੀਆਂ ਨਾਲ ਸਾਹਮਣਾ ਹੁੰਦਾ ਹੈ ਕਿ ਉਹ ਸਾਨੂੰ ਆਪਣੇ ਆਪ ਵਿੱਚ ਸਮਾਉਣ ਦੀ ਕੋਸ਼ਿਸ਼ ਕਰਦੀ ਹੈ। ਸਾਡਾ ਪਰਮੇਸ਼ੁਰ ਉੱਤੇ ਵਿਸ਼ਵਾਸ ਉਸਦੇ ਆਦੇਸ਼ਾਂ ਦਾ ਪਾਲਣ ਕਰਨ ਤੋਂ ਪ੍ਰਗਟ ਹੁੰਦਾ ਹੈ। ਇਹ ਸਿੱਧ ਕਰਦਾ ਹੈ ਕਿ ਸਾਡਾ ਵਿਸ਼ਵਾਸ ਪਰਮੇਸ਼ੁਰ ਦੁਆਰਾ ਕਹੇ ਗਏ ਸ਼ਬਦਾਂ ਵਿੱਚ ਹੈ ਨਾ ਕਿ ਉਨ੍ਹਾਂ ਹਾਲਾਤਾਂ ਵਿੱਚ ਜੋ ਕਿ ਪ੍ਰਗਟ ਹੁੰਦੇ ਹਨ।ਸਾਡੇ ਵਿਸ਼ਵਾਸ ਦਾ ਉੱਤਰ ਉਹ ਆਪਣੇ ਵਿਸ਼ਵਾਸ ਦੁਆਰਾ ਦਿੰਦਾ ਹੈ।ਇਸ ਉਸਦੀ ਸ਼ਕਤੀ ਹੈ ਜੋ ਸਾਨੂੰ ਹਰੇਕ ਸਥਿਤੀ ਵਿੱਚ ਜਿੱਤ ਦਵਾਉਂਦੀ ਹੈ।

GOOD SHEPHERD MINISTRY INTERNATIONAL

ਸ) **<u>ਦੋ ਮਹੱਤਵ ਪੂਰਨ ਵਾਇਦੇ</u>**

ੳ ਅਸੀਂ ਆਸ਼ੀਸ਼ ਦੇ ਸਿਹਾਂਸਨ ਦੇ ਸਪੱਸ਼ਟ ਰਾਸਤੇ ਹਾਂ

"ਇਸ ਲਈ ਆਉ, ਅਸੀਂ ਅਨੁਗ੍ਰਹਿ ਦੇ ਸਿਹਾਂਸਨ ਦੇ ਨੇੜੇ.........................................................................

..............................................................................

........................................................."

(ਇਬਰਾਨੀਆਂ 4:16)

## ਅ.        <u>ਪਰਮੇਸ਼ੁਰ ਯੋਗ ਹੈ</u>

"ਅਤੇ ਪਰਮੇਸ਼ੁਰ ਸਾਰੇ ਤਰ੍ਹਾਂ ਦਾ ਅਨੁਗ੍ਰਹਿ ਤੁਹਾਨੂੰ ..............................

........................................................................................"

(2 ਕੁਰਿੰਥੀਆਂ 9:8)

**<u>ਮੇਰਾ ਵਾਇਦਾ</u>**

ਅੱਜ ਮੈਂ ਪਰਮੇਸ਼ੁਰ ਦੀ ਆਸ਼ੀਸ਼ ਪ੍ਰਾਪਤ ਕਰਨ ਦੀ ਨਿਸ਼ਚੈ ਕਰਦਾ ਹਾਂ..........ਉਸਦੀ ਕਰਨ ਦੀ ਸ਼ਕਤੀ .............. ਮੇਰੇ ਹਰ ਖੇਤਰ ਅਤੇ ਮੁਸੀਬਤ ਜੋ ਮੇਰੀ ਜਿੰਦਗੀ ਵਿੱਚ ਪੈਦਾ ਹੁੰਦੀ ਹੈ। ਵਿੱਚ ਪਰਮੇਸ਼ੁਰ ਦੀ ਆਸ਼ੀਸ਼ ਕਾਫੀ ਹੈ ਮੈਂ ਇਸ ਗੱਲ ਵਿੱਚ ਪੂਰੀ ਤਰ੍ਹਾਂ ਨਾਲ ਵਿਸ਼ਵਾਸ ਪ੍ਰਗਟ ਕਰਦਾ ਹਾਂ

GOOD SHEPHERD MINISTRY INTERNATIONAL

**<u>ਦਿੱਤਾ ਗਿਆ ਕੰਮ</u>**

1.    ਕੀ ਤੁਸੀ ਆਪਣੀ ਜਿੰਦਗੀ ਦੇ ਤੁਜਰਬੇ ਵਿਚ ਸਮਝ ਸਕੇ ਹੋ ਕਿ ਆਸ਼ੀਸ਼ "ਪਰਮੇਸ਼ੁਰ ਦੀ ਅਪਾਰ ਕਿਰਪਾ" ਦੇ ਤੌਰ ਤੇ ਅਤੇ ਪਰਮੇਸ਼ੁਰ ਦੀ ਯੋਗ ਬਣਾਉਣ ਵਾਲੀ ਸ਼ਕਤੀ ਦੇ ਤੌਰ ਤੇ ਹੈ?

2.    ਕੀ ਤੁਹਾਡੀ ਜਿੰਦਗੀ ਵਿੱਚ ਖੇਤਰ ਹਨ ਜਿੱਥੇ ਤੁਸੀ ਅਜੇ ਤੱਕ ਪਰਮੇਸ਼ੁਰ ਨੂੰ ਉਸਦੀ ਯੋਗ ਬਣਾਉਣ ਵਾਲੀ ਸ਼ਕਤੀ ਤੁਹਾਡੇ ਵਿਚ ਦਿਖਾਉਣ ਦੀ ਅਨੁਮੱਤੀ ਨਹੀ ਦਿੱਤੀ? ਜੇ ਹਾਂ ਤਾ ਉਹਨਾਂ ਖੇਤਰਾਂ ਨੂੰ ਪਹਿਚਾਣੋ ਅਤੇ ਉਹਨਾਂ ਉੱਤੇ ਉਸਨੂੰ ਗਵਾਹੀ ਦਿਉ।

**<u>ਯਾਦ ਰੱਖਣ ਯੋਗ ਆਇਤਾ</u>**

1. ਅਫ਼ਸੀਆਂ 2:8,9

2. 2 ਕੁਰਿੰਥੀਆਂ 5:17

3. 2 ਕੁਰਿੰਥੀਆਂ 12:9

4. ਇਬਰਾਨੀਆਂ 4:16

GOOD SHEPHERD MINISTRY INTERNATIONAL

# ਬਾਈਬਲ ਪੜ੍ਹਨਾ 11– ਪਾਣੀ ਦਾ ਬਪਤਿਸਮਾ

ਯਿਸੂ ਨੇ ਆਦੇਸ਼ ਦਿੱਤਾ ਹੈ ਉਹ ਸਾਰੇ ਜੋ ਉਸ ਵਿੱਚ ਵਿਸ਼ਵਾਸ ਕਰਦੇ ਹਨ ਪਾਣੀ ਵਿੱਚ ਬਪਤਿਸਮਾ ਲੈਣ।

"ਅਤੇ ਯਿਸੂ ਨੇ ਕੋਲ ਆਣ ਕੇ ਉਨ੍ਹਾਂ ਨਾਲ ਗੱਲਾ ਕੀਤੀਆਂ ਅਤੇ ਆਖਿਆ, ਆਕਾਸ਼, ਅਤੇ ਧਰਤੀ ਦਾ ਸਾਰਾ ਇਖਤਿਆਰ ਮੈਨੂੰ ਦਿੱਤਾ ਗਿਆ ਹੈ।"

"ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤ੍ਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ।" (ਮੱਤੀ :28:18,19)

ਇਹ ਵੀ ਦੇਖੋ ਰਸੂਲਾਂ ਦੇ ਕਰੱਤਬ 2:38–41

"ਬਪਤਿਸਮਾ" ਦਾ ਮਤਲਬ ਹੈ "ਪੂਰੀ ਤਰ੍ਹਾਂ ਡੁਬੋਣਾ" ਜਦੋਂ ਕੋਈ ਮਨੁੱਖ ਆਪਣੇ ਪਾਪਾਂ ਤੋਂ ਤੋਬਾ ਕਰਦਾ ਹੈ ਅਤੇ ਵਿਸ਼ਵਾਸ ਕਰਦਾ ਹੈ ਯਿਸੂ ਉਸਲਈ ਮਰਿਆ ਅਤੇ ਬਹੁਤ ਸਾਰੀਆਂ ਅਗਵਾਈਆਂ ਤੋਂ ਪਹਿਲਾਂ, ਉਸਨੂੰ (ਆਦਮੀ ਜਾਂ ਔਰਤ) ਨੂੰ ਪਾਣੀ ਵਿਚ ਲਿਆਇਆ ਜਾਂਦਾ ਹੈ, ਉਸ ਅੰਦਰ ਕੀਤਾ ਜਾਂਦਾ ਹੈ ਅਤੇ ਦੁਬਾਰਾ ਉਠਾਇਆ ਜਾਂਦਾ ਹੈ। ਯਿਸੂ ਕਿਉਂ ਆਦੇਸ਼ ਦਿੰਦਾ ਹੈ ਕਿ ਉਸਦੇ ਚੇਲ੍ਹੇ ਅਜੀਬ (ਅਚੰਭੇ) ਕੰਮ ਕਰਦੇ ਹਨ।

## ੳ      <u>ਪਾਣੀ ਦਾ ਬਪਿਤਸਮਾ ਸਮਝਣਾ</u>



GOOD SHEPHERD MINISTRY INTERNATIONAL

ਸਮਝਣਾ ਕਿ ਪਾਣੀ ਦਾ ਬਪਤਿਸਮਾ ਕੀ ਹੈ ਇਹ ਜਿੱਤੀ ਹੋਈ ਅਤੇ ਆਜਾਦ ਕਿਰਸ਼ਚਨ ਜਿੰਦਗੀ ਦੀ ਚਾਬੀ ਹੈ।

ਪਾਣੀ ਦੇ ਅੰਦਰ ਜਾਣਾ ਅਤੇ ਦੁਬਾਰਾ ਇਸ ਵਿਚੋਂ ਉੱਠਣ ਦਾ ਕੰਮ ਤਸਵੀਰ ਪ੍ਰਦਸ਼ਿਤ ਕਰਦੀ ਹੈ ਕਿ ਸਾਡੇ ਕਿਰਸ਼ਚਨ ਵਿਸ਼ਵਾਸੀਆਂ ਨਾਲ ਕੀ ਹੋਇਆ ਹੈ।

## ਅ **<u>ਮਸੀਹ ਦੇ ਕੰਮਾਂ ਦੇ ਚਾਰ ਕੱਦਮ</u>**

1. ਉਹ ਮਰਿਆ......................... ਮੈਂ ਉਸ ਵਿੱਚ ਮਰਿਆ। ਕਿਉਂ ਜੋ ਅਸੀਂ ਇਹ ਜਾਣਦੇ ਹਾਂ ਸਾਡੀ ਪੁਰਾਣੀ ਮਨੁੱਖਤਾਈ ਉਹ ਦੇ ਨਾਲ ਸਲੀਬ ਉੱਤੇ ਚੜ੍ਹਾਈ ਗਈ ਭਈ ਪਾਪ ਦਾ ਸਰੀਰ ਨਸ਼ਟ ਹੋ ਜਾਵੇ ਅਗਾਹਾਂ ਨੂੰ ਅਸੀ ਪਾਪ................

"ਕਿਉਂਕਿ ਜਿਹੜਾ ਮੋਇਆ ਉਹ ਪਾਪ ਤੋਂ ਛੁੱਟ ਕੇ ਧਰਮੀ ਠਹਿਰਾਇਆ ਗਿਆ" (ਰੋਮੀਆਂ6:6,7)

2. ਉਹ ਦਫਨਾਇਆ ਗਿਆ ਸੀ.......... ਮੈਂ ਉਸ ਨਾਲ ਦਫਨਾਇਆ ਗਿਆ ਸੀ।

"ਅਥਵਾ ਤੁਸੀਂ ਇਸ ਗੱਲ ਤੋਂ ਅਣਜਾਣ ਹੋ ਭਈ ਸਾਡੇ ਵਿਚੋਂ ਜਿਨ੍ਹਾਂ ਨੇ ਮਸੀਹ ਯਿਸੂ ਦਾ ਬਪਤਿਸਮਾ ਲਿਆ ਉਹ ਦੀ ਮੌਤ ਦਾ ਬਪਤਿਸਮਾ ਲਿਆ ?

GOOD SHEPHERD MINISTRY INTERNATIONAL

"ਸੋਂ ਅਸੀ ਮੌਤ ਦਾ ਬਪਤਿਸਮਾ ਲੈਣ ਕਰਕੇ ਉਹ ਦੇ ਨਾਲ ਦੱਬੇ ਗਏ ਤਾਂ ਜੋਂ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚਲੀਏ।" (ਰੋਮੀਆਂ 6:3,4)

3. ਉਹ ਜਿਵਾਲਿਆ ਗਿਆ ਸੀ.................ਮੈਂ ਉਸ ਵਿੱਚ ਨਵੀਂ ਜਿੰਦਗੀ ਪ੍ਰਾਪਤ ਕੀਤੀ

"ਸੋ ਅਸੀ ਮੌਤ ਦਾ ਬਪਤਿਸਮਾ ਲੈਣ ਕਰਕੇ ਉਹਦੇ ਨਾਲ ਦਬੇ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਲਾਇਆ ਗਿਆ ਤਿਵੇਂ ਅਸੀ ਵੀ ਨਵੇਂ ਜੀਵਨ ਦੇ ਰਾਹ ਚਲੀਏ।"

"ਜਦੋਂ ਅਸੀਂ ਉਹ ਦੀ ਮੌਤ ਦੀ ਸਮਾਨਤਾ ਵਿਚ ਉਹ ਦੇ ਨਾਲ ਜੁੜ ਗਏ ਤਾਂ ਉਹ ਦੇ ਜੀ ਉੱਠਣ ਦੀ ਸਮਾਨਤਾ ਵਿੱਚ ਵੀਂ ਹੋਵਾਂਗੇ।"

(ਰੋਮੀਆਂ 6:4,5)

4. ਉਹ ਉਤਾਂਹਾ ਚੜ੍ਹਿਆ.............. ਮੈਂ ਉਸ ਵਿੱਚ ਉਤਾਂਹਾ ਚੜਿਆ

"ਅਤੇ ਉਹ ਨੇ ਸਾਨੂੰ ਉਸ ਦੇ ਨਾਲ ਉਠਾਇਆ ਅਰ ਸਾਨੂੰ ਮਸੀਹ ਯਿਸੂ ਵਿੱਚ ਸੁਰਗੀ ਥਾਵਾਂ ਉੱਤੇ ਉਸਦੇ ਨਾਲ ਬਹਾਲਿਆ।" (ਅਫ਼ਸੀਆਂ 2:6)

ਇਹ ਵੀ ਦੇਖੋ ਕੁਲੁੱਸੀਆਂ 3:1

ੲ. ਪਾਣੀ ਦਾ ਬਪਤਿਸਮਾ ਹੈ.................

GOOD SHEPHERD MINISTRY INTERNATIONAL

1. **ਤੁਹਾਡੀ ਦਫਨਾਉਣ ਦੀ ਕਿਰਿਆ**

ਦਫਨਾਉਣ ਦੀ ਕਿਰਿਆ ਆਦਮੀ ਨੂੰ ਮਾਰਨਾ ਨਹੀ ਹੈ। ਇਹ ਕੀਤੀ ਜਾਂਦੀ ਹੈ ਜਦੋਂ ਆਦਮੀ (ਮਨੁੱਖ) ਪਹਿਲਾਂ ਤੋਂ ਹੀ ਮਰਿਆ ਹੋਇਆ ਹੈ। ਅਤੇ ਇਸ ਲਈ ਕਿਉਂਕਿ ਤੁਸੀਂ ਮਸੀਹ ਵਿਚ ਮਰੇ ਹੋਏ ਹੋ, ਤੁਸੀ ਆਪਣੀ ਪੁਰਾਣੀ ਜਿੰਦਗੀ ਨੂੰ ਪਾਣੀ ਦੇ ਬਪਤਿਸਮੇਂ ਵਿੱਚ ਦਫਨ ਕਰ ਦਿਓ।

2. **ਤੁਹਾਡਾ ਪੁਨਰ ਜੀਵਨ ਨਵੀਂ ਜਿੰਦਗੀ ਲਈ**

ਤੁਸੀਂ ਪਾਣੀ ਵਿਚੋਂ ਉਠਦੇ ਹੋਂ ਅਤੇ ਘੋਸ਼ਿਤ ਕਰਦੇ ਹੋ ਕਿ ਤੁਸੀ ਮਸੀਹ ਵਿੱਚ ਨਵੀਂ ਸ਼੍ਰਿਸ਼ਟੀ ਹੋ।

"ਪਰੰਤੂ ਜਦੋਂ ਅਸੀ ਮਸੀਹ ਦੇ ਨਾਲ ਮੌਏ ਤਾਂ ਸਾਨੂੰ ਨਿਹਚਾ ਦੇ ਨਾਲ ਜੀਵਾਂਗੇ ਭੀ।" ...........................................................................

.................................................................................................

"ਇਸੇ ਤਰ੍ਹਾਂ ਤੁਸੀਂ ਵੀ ਆਪਣੇ ਆਪ ਨੂੰ ਪਾਪ ਦੀ ਵਲੋਂ ਮੋਏ ਹੋਏ ਪਰ ਮਸੀਹ ਯਿਸੂ ਵਿਚ ਪਰਮੇਸ਼ੁਰ ਲਈ ਜੀਉਂਦੇ ਸਮਝੋ।" (ਰੋਮੀਆਂ 6-8-11)

ਸ. **ਦੋ ਰਾਜ**

"ਅਤੇ ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿਚ ਪੁਚਾ ਦਿੱਤਾ।" (ਕੁੱਲਸੀਆਂ 1:13)

GOOD SHEPHERD MINISTRY INTERNATIONAL

ਹਰ ਆਦਮੀ ਅਤੇ ਔਰਤ ਦੁਨੀਆਂ ਵਿਚ ਜੰਮਦਾ ਹੈ ਅੰਧੇਰੇ ਦੇ ਰਾਜ ਵਿਚੱ ਜੰਮਦਾ ਹੈ ਅਤੇ ਤਾਨਾਸ਼ਾਹ ਸ਼ਾਸਕ ਸ਼ੈਤਾਨ ਦੀ ਗੁਲਾਮੀ ਵਿਚੱ ਜੰਮਦਾ ਹੈ। ਇਸ ਰਾਜ ਤੋਂ ਬਾਹਰ ਦਾ ਕੋਈ ਰਸਤਾ ਨਹੀਂ ਹੈ, ਮੌਤ ਨੂੰ ਛੱਡ ਕੇ ਅਤੇ ਪਰਮੇਸ਼ੁਰ ਦੇ ਰਾਜ ਲਈ ਕੋਈ ਰਸਤਾਂ ਨਹੀ ਹੈ, ਜਨਮ ਨੂੰ ਛੱਡ ਕੇ। ਅਤੇ ਇਸ ਲਈ ਯਿਸੂ ਸਾਡੇ ਮੌਤ ਅਤੇ ਨਵੇਂ ਜਨਮ ਦੋਨਾਂ ਲਈ ਆਇਆ-ਅਤੇ ਇਹ ਅਸੀ ਪਣੀ ਦੇ ਬਪਤਿਸਮੇਂ ਵਿੱਚ ਘੋਸ਼ਿਤ ਕਰਦੇ ਹਾ।

## ਹ. <u>ਦੋ ਜਾਤੀਆਂ</u>

ਜਿਸ ਤਰ੍ਹਾਂ ਦੋ ਰਾਜ ਹਨ, ਇਸ ਤਰ੍ਹਾਂ ਹਰੇਕ ਰਾਜ ਵਿੱਚ ਵੱਖਰੀ ਜਾਤੀ ਦੇ ਲੋਕ ਹਨ। ਆਦਮ ਜਾਤੀ ਅੰਧਕਾਰ ਦੇ ਰਾਜ ਦਾ ਸਥਾਨ ਆਬਾਦ ਕਰਦੀ ਅਤੇ ਨਵੀਂ ਸ਼੍ਰਿਸ਼ਟੀ ਪਰਮੇਸ਼ੁਰ ਦੇ ਰਾਜ ਦਾ ਸਥਾਨ ਆਬਾਦ ਕਰਦੀ ਹੈ।

GOOD SHEPHERD MINISTRY INTERNATIONAL

### 1. <u>ਪਹਿਲਾਂ ਆਦਮ</u>

"ਜਿਸ ਤਰ੍ਹਾਂ ਆਦਮ ਵਿੱਚ ਸਭੇਂ ਮਰਦੇ ਹਨ ਉਸੇ ਤਰ੍ਹਾਂ ਮਸੀਹ ਵਿੱਚ ਸਭੇ ਜਿਵਾਏ ਜਾਣਗੇ।" (1 ਕੁਰਿੰਥੀਆਂ 15:22)

ਇਹ ਵੀ ਦੇਖੋ- (ਰੋਮੀਆਂ 5:12)

ਆਦਮ ਸਾਡੇ ਸਾਰਿਆਂ ਦਾ ਪਿਤਾ ਸੀ ਸਾਰੀ ਮਾਨਵ ਜਾਤੀ ਦਾ। ਆਦਮ ਦੇ ਪਾਪ ਨੇ ਸਾਨੂੰ ਸਾਰਿਆਂ ਨੂੰ ਪਰਮੇਸ਼ੁਰ ਤੋਂ ਦੂਰ ਕੀਤਾ। ਉਸਦੇ ਪਾਪ ਦੇ ਕਾਰਨ, ਅਸੀਂ

ਸਾਰੇ ਉਸਦੀ ਵਿਦਰੋਹੀ ਅਤੇ ਮਾੜੀ ਕੁਦਰਤ ਦੇ ਵਾਰਸ ਅਤੇ ਮੌਤ ਦੇ ਭਾਗੀ ਬਣੇ। ਆਦਮ ਦੀ ਔਲਾਦ "ਆਦਮ ਦੀ ਜਾਤੀ" ਕਹਾਉਂਦੀ ਹੈ।

## 2. ਅਖੀਰਲਾ ਆਦਮ

"ਜਦੋਂ ਅਸੀ ਨਿਰਬਲ ਹੀ ਸਾਂ ਤਦੋਂ ਮਸੀਹ ਵੇਲੇ ਸਿਰ ਕੁਧਰਮੀਆਂ ਦੇ ਲਈ ਮੋਇਆ।" (ਰੋਮੀਆਂ 5:6)

ਕੋਈ ਰਸਤਾ ਨਹੀ ਸੀ ਕਿ ਪਰਮੇਸ਼ੁਰ ਗਿਰੀ ਹੋਈ ਆਦਮ ਜਾਤੀ ਨੂੰ ਬਦਲ ਸਕਿਆ। ਉਸਨੇ ਇਸ ਜਾਤੀ ਨੂੰ ਖਤਮ ਕੀਤਾ ਅਤੇ ਸਾਰੀ ਨਵੀਂ ਮਾਨਵ ਜਤੀ ਦੀ ਸ਼ੁਰੂਆਤ ਕੀਤੀ। ਯਿਸੂ ਅਖੀਰਲਾ ਆਦਮ ਸੀ। ਉਹ ਆਦਮ ਜਾਤੀ ਦੇ ਅਖੀਰਲੇ ਜਨਮ ਅਤੇ ਨਵੀਂ ਜਾਤੀ ਦੇ ਨਵੇਂ ਜਨਮ ਤੇ ਆਇਆ। ਜਿਸ ਤਰ੍ਹਾਂ ਉਹ ਸਲੀਬ ਉੱਤੇ ਚੜਾਇਆ ਗਿਆ। ਉਹ ਉੱਥੇ ਅਖੀਰਲੇ ਆਦਮ ਦੀ ਤਰ੍ਹਾਂ ਸੀ-ਆਦਮ ਜਾਤੀ ਦਾ ਅਖੀਰਲਾ ਜਨਮ। ਜਦੋਂ ਉਹ ਸਲੀਬ ਉੱਤੇ ਮੋਇਆ, ਆਦਮ ਜਾਤੀ ਅਤੇ ਆਦਮ ਦੀ ਪਾਪੀ ਕੁਦਰਤ ਵੀ ਮੋਈ।

ਪਰਮੇਸ਼ੁਰ ਨੇ ਮੌਤ ਦੀ ਸਥਿਤੀ ਵਿੱਚ ਰੱਖਿਆ ਜੋ ਉਸ ਵਿੱਚ ਗਿਰੀ ਹੋਈ ਸ਼੍ਰਿਸ਼ਟੀ ਸੀ। ਆਦਮ ਜਾਤੀ ਮਸੀਹ ਵਿੱਚ ਮਰੀ।

## 3. ਦੂਸਰਾ ਮਾਨਵ

"ਜਿਸ ਤਰ੍ਹਾਂ ਆਦਮ ਵਿੱਚ ਸਭੇ ਮਰਦੇ ਹਨ ਉਸੇ ਤਰ੍ਹਾਂ ਮਸੀਹ ਵਿੱਚ ਸੱਭੇ ਜੁਆਏ ਜਾਣਗੇ।" (1 ਕੁਰਿੰਥੀਆਂ 15:22)

GOOD SHEPHERD MINISTRY INTERNATIONAL

ਯਿਸੂ ਪਰਮੇਸ਼ੁਰ ਦੇ ਨਵੇਂ ਆਦਮੀ ਦੀ ਤਰ੍ਹਾਂ ਆਇਆ ਜਿਸ ਦੇ ਦੁਆਰਾ ਨਵੀਂ ਜਾਤੀ ਬਣਾਈ ਗਈ। ਯਿਸੂ ਮੌਤ ਤੋਂ ਉੱਠਿਆ ਸੀ- ਅਖੀਰਲੇ ਆਦਮ ਦੀ ਤਰ੍ਹਾਂ ਨਹੀਂ- ਪਰ ਦੂਸਰੇ ਆਦਮੀ (ਮਾਨਵ) ਦੀ ਤਰ੍ਹਾਂ, ਨਵੀਂ ਜਾਤੀ ਦਾ ਮੁਖੀਆ।

"ਇਉਂ ਲਿਖਿਆ ਹੋਇਆ ਵੀ ਹੈ ਜੋ ਪਹਿਲਾ ਮਨੁੱਖ ਆਦਮ ਜੀਉਂਦੀ ਜਾਨ ਹੋਇਆ, ਛੇਕੜਲਾ ਆਦਮ ਜੀਵਨ ਦਾਤਾ ਆਤਮਾ ਹੋਇਆ"..............

...............................................................................................

"ਅਤੇ ਜਿਸ ਤਰ੍ਹਾਂ ਅਸੀ ਮਿੱਟੀ ਵਾਲੇ ਦਾ ਸਰੂਪ ਧਾਰਿਆ ਹੈ ਇਸੇ ਤਰ੍ਹਾਂ ਸੁਰਗ ਵਾਲੇ ਦਾ ਵੀ ਸਰੂਪ ਧਾਰਾਂਗੇ।" (1 ਕੁਰਿੰਥੀਆਂ 15:45-49)

4. **ਨਵੀਂ ਸ਼੍ਰਿਸ਼ਟੀ**

"ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਉਹ ਨਵੀਆਂ ਹੋ ਗਈਆਂ ਹਨ।" (2 ਕੁਰਿੰਥੀਆਂ 15:17)

ਇਹ ਵੀ ਦੇਖੋ- ਅਫ਼ਸੀਆਂ 2:10

ਪਾਣੀ ਦੇ ਬਪਤਿਸਮੇਂ ਵਿੱਚ ਅਸੀ ਆਪਣੇ ਸਾਰੇ ਮਿੱਤਰਾਂ ਅਤੇ ਜਾਣਨ ਵਾਲਿਆਂ ਨੂੰ ਘੋਸ਼ਿਤ ਕਰਦੇ ਹਾਂ ਕਿ ਅਸੀ ਲੰਬੇ ਸਮੇਂ ਤੱਕ ਆਦਮ ਜਾਤੀ ਅਤੇ ਅੰਧਕਾਰ ਦੇ ਰਾਜ ਦੇ ਹਿੰਸੇ ਨਹੀ ਹੈ। ਅਸੀ ਮਸੀਹ ਵਿੱਚ ਨਵੀ ਸ਼੍ਰਿਸ਼ਟੀ ਅਤੇ ਪਰਮੇਸ਼ੁਰ ਦੇ ਰਾਜ ਨਾਲ ਸੰਬੰਧ ਰਖਦੇ ਹਾਂ।

GOOD SHEPHERD MINISTRY INTERNATIONAL

